28-DEC-PAGE-1.qxd 12/27/2022 10:15 PM Page 1

ਬੁੱਧਵਾਰ, 28 ਦਸੰਬਰ, 2022
13 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 208

ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 DECEMBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਕੋਰੋਨਾ ਤੋਂ ਡਰਨ ਦੀ ਲੋੜ ਨਹੀਂ : ਜੌੜਾਮਾਜਰਾ

ਮੁਹਾਲੀ : ਪੰਜਾਬ 'ਚ ਕੋਰੋਨਾ ਦੇ 38 ਪਾਜ਼ੀਟਿਵ ਕੇਸਾਂ ਦੀ ਪੁਸ਼ਟੀ ਹੋਣ ਦੇ ਦਰਮਿਆਨ ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਮੰਗਲਵਾਰ ਮੁਹਾਲੀ ਦੇ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲ ਦਾ ਦੌਰਾ ਕਰਕੇ ਅਗਾਊਂ ਤਿਆਰੀਆਂ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਸਮੇਤ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਨੂੰ ਕੁੱਝ ਜ਼ਰੂਰੀ ਹਦਾਇਤਾਂ ਵੀ ਜਾਰੀ ਕੀਤੀਆਂ। ਸਿਹਤ ਮੰਤਰੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੋਰੋਨਾ ਤੋਂ ਡਰਨ ਦੀ ਲੋੜ ਨਹੀਂ ਹੈ। ਇਲਾਜ ਨਾਲੋਂ ਸਾਵਧਾਨੀ ਵਰਤਣਾ ਬੇਹੱਦ ਜ਼ਰੂਰੀ ਹੈ। ਪੰਜਾਬ ਸਰਕਾਰ ਪਹਿਲਾਂ ਵਾਂਗ ਕੋਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਸਾਰੇ ਸਰਕਾਰੀ ਹਸਪਤਾਲਾਂ 'ਚ ਸਪੈਸ਼ਲ ਵਾਰਡ ਬਣਾਏ ਗਏ ਹਨ ਅਤੇ ਵੈਕਸੀਨ ਦੀ ਵਿਵਸਥਾ ਵੀ ਕੀਤੀ ਗਈ ਹੈ। ਉਨ੍ਹਾ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਜਨਤਕ ਥਾਵਾਂ 'ਤੇ ਜਾਣ ਸਮੇਂ ਮਾਸਕ ਜ਼ਰੂਰ ਲਗਾਉਣ ਅਤੇ ਜਿਨ੍ਹਾਂ ਵਿਅਕਤੀਆਂ ਨੇ ਟੀਕਾਕਰਨ ਨਹੀਂ ਕਰਵਾਇਆ ਹੈ, ਜ਼ਰੂਰ ਟੀਕਾਕਰਨ ਕਰਵਾਉਣ। ਦੇਸ਼-ਭਰ ਦੇ ਹਸਪਤਾਲਾਂ ਅਤੇ ਸਿਹਤ ਕੇਂਦਰਾਂ ਨੇ ਕੋਵਿਡ-19 ਖਤਰੇ ਦੇ ਮੱਦੇਨਜ਼ਰ ਆਪਣੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਸੰਬੰਧੀ ਮੌਕ ਡਰਿੱਲ ਕੀਤੀ। ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਦਿੱਲੀ ਦੇ ਸਫਦਰਜੰਗ ਸਥਿਤ ਕੇਂਦਰ ਸਰਕਾਰ ਦੇ ਹਸਪਤਾਲ 'ਚ ਡਰਿੱਲ ਨੂੰ ਦੇਖਿਆ। ਡਰਿੱਲ ਦੌਰਾਨ ਜ਼ਰੂਰੀ ਦਵਾਈਆਂ, ਜੀਵਨ ਬਚਾਉਣ ਵਾਲੇ ਉਪਕਰਨਾਂ, ਬੈੱਡਾਂ ਦੀ ਸਮਰੱਥਾ, ਐਂਬੂਲੈਂਸ ਸੇਵਾਵਾਂ ਦੀ ਉਪਲੱਬਧਤਾ ਦਾ ਜਾਇਜ਼ਾ ਲਿਆ

ਲੋਡਿਡ ਆਰ ਪੀ ਜੀ ਤੇ ਰਾਕੇਟ ਲਾਂਚਰ ਸਮੇਤ ਤਿੰਨ ਸੰਚਾਲਕ ਗ੍ਰਿਫ਼ਤਾਰ

ਇੱਕ ਹੋਰ ਅੱਤਵਾਦੀ ਹਮਲੇ ਨੂੰ ਕੀਤਾ ਨਾਕਾਮ : ਡੀ ਜੀ ਪੀ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਪੁਲਸ ਨੇ ਸਰਹਾਲੀ ਰਾਕੇਟ ਪ੍ਰੋਪੇਲਡ ਗ੍ਰਨੇਡ (ਆਰ ਪੀ ਜੀ) ਹਮਲੇ ਦੇ ਮਾਮਲੇ ਦੀ ਅਗਲੇਰੀ ਜਾਂਚ ਵਿੱਚ ਮੰਗਲਵਾਰ ਕੈਨੇਡਾ ਅਧਾਰਤ ਅੱਤਵਾਦੀ ਲਖਬੀਰ ਲੰਡਾ ਦੇ ਸਬ-ਮਡਿਊਲ ਦੇ ਤਿੰਨ ਸੰਚਾਲਕਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਸਬ-ਮਡਿਊਲ ਪਰਦਾ ਫਾਸ਼ ਕੀਤਾ ਹੈ। ਪੁਲਸ ਵੱਲੋਂ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਲੋਡਿਡ ਆਰ ਪੀ ਜੀ ਦੇ ਨਾਲ-ਨਾਲ ਰਾਕੇਟ ਲਾਂਚਰ ਵੀ ਬਰਾਮਦ ਕੀਤਾ ਗਿਆ ਹੈ। ਇਹ ਸਬ-ਮਡਿਊਲ ਫਿਲਪੀਨਜ਼ ਤੋਂ ਯਾਦਵਿੰਦਰ ਸਿੰਘ ਵੱਲੋਂ ਲੰਡਾ ਦੇ ਨਿਰਦੇਸ਼ਾਂ 'ਤੇ ਚਲਾਇਆ ਜਾ ਰਿਹਾ ਸੀ। ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਗ੍ਰਿਫ਼ਤਾਰ ਕਿਤੇ ਗਏ ਵਿਅਕਤੀਆਂ ਦੀ ਪਛਾਣ ਕੁਲਬੀਰ ਸਿੰਘ, ਹੀਰਾ ਸਿੰਘ ਅਤੇ ਦਵਿੰਦਰ ਸਿੰਘ ਵਾਸੀ ਪਿੰਡ ਚੰਬਾ, ਤਰਨ ਤਾਰਨ ਵਜੋਂ ਕੀਤੀ।

ਉਹਨਾ ਦੱਸਿਆ ਕਿ ਪੁਲਸ ਨੇ ਮੁਲਜ਼ਮ ਯਾਦਵਿੰਦਰ ਸਿੰਘ ਦਾ ਨਾਂਅ ਵੀ ਮੁਕੱਦਮੇ ਵਿਚ ਦਰਜ ਕਰ ਲਿਆ ਹੈ। ਉਹਨਾ ਦੱਸਿਆ ਕਿ ਵਰਤੋਂ ਲਈ ਤਿਆਰ ਲੋਡਿਡ ਆਰ ਪੀ ਜੀ ਦੀ ਬਰਾਮਦਗੀ ਨਾਲ ਪੰਜਾਬ ਪੁਲਸ ਨੇ ਸੂਬੇ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਦੇ ਉਦੇਸ਼ ਨਾਲ ਕੀਤੇ ਜਾਣ ਵਾਲੇ ਇੱਕ ਹੋਰ ਸੰਭਾਵੀ ਅੱਤਵਾਦੀ ਹਮਲੇ ਨੂੰ ਸਫ਼ਲਤਾਪੂਰਵਕ ਨਾਕਾਮ ਕਰ ਦਿੱਤਾ ਹੈ।

ਇਹ ਸਫ਼ਲਤਾ ਦੋ ਦੋਸ਼ੀ ਨਬਾਲਗਾਂ ਸਮੇਤ ਸੱਤ ਵਿਅਕਤੀਆਂ ਦੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਬਾਅਦ ਮਿਲੀ, ਜਿਨ੍ਹਾਂ 9 ਦਸੰਬਰ ਨੂੰ ਰਾਤ 11.18 ਵਜੇ ਤਰਨ ਤਾਰਨ ਜ਼ਿਲ੍ਹੇ ਦੇ ਪੁਲਸ ਸਟੇਸ਼ਨ ਸਰਹਾਲੀ ਦੀ ਇਮਾਰਤ 'ਤੇ ਅੱਤਵਾਦੀ ਹਮਲਾ ਕੀਤਾ ਸੀ। ਉਹਨਾ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਤਰਨ ਤਾਰਨ ਪੁਲਸ ਨੇ ਬਿਲੀਆਂਵਾਲਾ ਪੁਲ 'ਤੇ ਨਾਕਾਬੰਦੀ ਕੀਤੀ ਅਤੇ ਸਰਹਾਲੀ ਆਰ ਪੀ ਜੀ ਹਮਲੇ ਵਿੱਚ ਸ਼ਾਮਲ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ, ਜਿਨ੍ਹਾਂ ਦੀ ਪਛਾਣ ਕੁਲਬੀਰ ਸਿੰਘ ਅਤੇ ਹੀਰਾ ਸਿੰਘ ਵਜੋਂ ਹੋਈ, ਨੂੰ ਗ੍ਰਿਫ਼ਤਾਰ ਕੀਤਾ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐੱਸ ਐੱਸ ਪੀ ਤਰਨ ਤਾਰਨ ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਯਾਦਵਿੰਦਰ ਸਿੰਘ, ਜੋ ਕਿ ਮੌਜੂਦਾ ਸਮੇਂ ਮਨੀਲਾ, ਫਿਲਪੀਨਜ਼ ਵਿੱਚ ਰਹਿੰਦਾ ਹੈ, ਦੇ ਨਿਰਦੇਸ਼ਾਂ 'ਤੇ ਥਾਣਾ ਸਰਹਾਲੀ ਵਿਖੇ ਹੋਏ ਆਰ ਪੀ ਜੀ ਹਮਲੇ ਵਾਲੇ ਦਿਨ ਲੋਡਿਡ ਆਰ ਪੀ ਜੀ ਮੁਹੱਈਆ ਕਰਵਾਇਆ ਸੀ। ਦੋਸ਼ੀ ਯਾਦਵਿੰਦਰ ਨੇ ਨਾਬਾਲਗਾਂ, ਜਿਹਨਾਂ ਪੁਲਸ ਸਟੇਸ਼ਨ 'ਤੇ ਆਰ ਪੀ ਜੀ ਹਮਲਾ ਕੀਤਾ ਸੀ, ਨੂੰ ਆਰ ਪੀ ਜੀ ਹਮਲਾ ਕਰਨ ਬਾਰੇ ਇੱਕ ਟਿਊਟੋਰੀਅਲ ਵੀਡੀਓ ਵੀ ਭੇਜੀ ਸੀ।

ਉਹਨਾ ਦੱਸਿਆ ਕਿ ਹੋਰ ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਇਕ ਹੋਰ ਦੋਸ਼ੀ ਦਵਿੰਦਰ ਸਿੰਘ ਨਾਲ ਮਿਲ ਕੇ ਯਾਦਵਿੰਦਰ ਸਿੰਘ ਦੇ ਨਿਰਦੇਸ਼ਾਂ 'ਤੇ ਇਕ ਹੋਰ ਆਰ ਪੀ ਜੀ ਛੁਪਾਈ ਹੋਈ ਹੈ। ਮੁਲਜ਼ਮਾਂ ਵੱਲੋਂ ਦੱਸੇ ਟਿਕਾਣੇ ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਕਿੜੀਆਂ ਵਿਖੇ ਦਰਿਆ ਬਿਆਸ ਦੇ ਕੰਢੇ 'ਤੇ ਆਰ ਪੀ ਜੀ ਅਤੇ ਇੱਕ ਰਾਕੇਟ ਲਾਂਚਰ ਬਰਾਮਦ ਕੀਤਾ ਗਿਆ। ਪੁਲਸ ਟੀਮਾਂ ਨੇ ਦਵਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਖੁਲਾਸਾ ਕੀਤਾ ਹੈ ਕਿ ਉਹ ਯਾਦਵਿੰਦਰ ਸਿੰਘ ਅਤੇ ਲੰਡਾ ਦੀਆਂ ਹਦਾਇਤਾਂ 'ਤੇ ਸੂਬੇ ਵਿਚ ਇਕ ਹੋਰ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਰਚ ਰਹੇ ਸਨ। ਪੁਲਸ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸੰਬੰਧਾਂ ਦੀ ਹੋਰ ਜਾਂਚ ਕਰ ਰਹੀ ਹੈ ਅਤੇ ਜਲਦ ਹੀ ਹੋਰ ਬਰਾਮਦਗੀਆਂ ਅਤੇ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਤਰਨ ਤਾਰਨ ਪੁਲਸ ਵੱਲੋਂ ਆਰ ਪੀ ਜੀ ਅਤੇ ਰਾਕੇਟ ਲਾਂਚਰ ਦੀ ਜਾਂਚ ਲਈ ਆਰਮੀ ਅਧਿਕਾਰੀਆਂ ਅਤੇ ਫੋਰੈਂਸਿਕ ਟੀਮਾਂ ਨੂੰ ਬੁਲਾਇਆ ਗਿਆ ਹੈ।

ਪ੍ਰਧਾਨ ਮੰਤਰੀ ਦੇ ਭਰਾ ਦਾ ਪਰਵਾਰ ਹਾਦਸੇ 'ਚ ਜ਼ਖਮੀ

ਮੈਸੂਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰਾ ਪ੍ਰਹਿਲਾਦ ਮੋਦੀ ਅਤੇ ਉਨ੍ਹਾ ਦੇ ਪਰਵਾਰਕ ਮੈਂਬਰ ਜ਼ਖਮੀ ਹੋ ਗਏ, ਜਦੋਂ ਕੜਾਕੋਲਾ ਨੇੜੇ ਮੰਗਲਵਾਰ ਬਾਅਦ ਦੁਪਹਿਰ 1.30 ਵਜੇ ਦੇ ਕਰੀਬ ਬਾਂਦੀਪੁਰ ਵੱਲ ਜਾ ਰਹੀ ਉਨ੍ਹਾਂ ਦੀ ਕਾਰ ਡਿਵਾਈਡਰ ਨਾਲ ਟਕਰਾ ਗਈ। ਕਾਰ 'ਚ ਡਰਾਈਵਰ ਤੋਂ ਇਲਾਵਾ ਪ੍ਰਹਿਲਾਦ, ਉਨ੍ਹਾ ਦਾ ਬੇਟਾ, ਨੂੰਹ ਅਤੇ ਬੱਚਾ ਸਵਾਰ ਸਨ। ਉਨ੍ਹਾਂ ਨੂੰ ਕੁਝ ਸੱਟਾਂ ਲੱਗੀਆਂ ਤੇ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਨਾਈਟ ਲਾਈਫ ਨੂੰ ਉਤਸ਼ਾਹਤ ਕਰਨ ਦੀ ਸਿਫਾਰਸ਼

ਨਵੀਂ ਦਿੱਲੀ : ਵਾਈ ਐੱਸ ਆਰ ਸੀ ਪੀ ਦੇ ਸੰਸਦ ਮੈਂਬਰ ਵਿਜੈਸਾਈ ਰੈੱਡੀ ਦੀ ਅਗਵਾਈ ਵਾਲੀ ਟਰਾਂਸਪੋਰਟ, ਸੈਰ-ਸਪਾਟਾ ਅਤੇ ਸੱਭਿਆਚਾਰ ਬਾਰੇ ਸੰਸਦੀ ਸਥਾਈ ਕਮੇਟੀ ਨੇ ਸੈਰ-ਸਪਾਟਾ ਮੰਤਰਾਲੇ ਨੂੰ ਸੈਲਾਨੀਆਂ ਨੂੰ ਆਕਰਸ਼ਤ ਕਰਨ ਲਈ 'ਨਾਈਟ ਲਾਈਫ' ਨੂੰ ਜ਼ੋਰਦਾਰ ਢੰਗ ਨਾਲ ਉਤਸ਼ਾਹਤ ਕਰਨ ਲਈ ਕਿਹਾ ਹੈ। ਕਮੇਟੀ ਨੇ ਕਿਹਾ ਕਿ 'ਨਾਈਟ ਟੂਰਿਜ਼ਮ ਅਤੇ ਨਾਈਟ ਲਾਈਫ' ਨੂੰ ਉਤਸ਼ਾਹਤ ਕਰਨ ਨਾਲ ਦੇਸ਼ ਦੇ ਸਮੁੱਚੇ ਸੈਰ-ਸਪਾਟੇ ਨੂੰ ਹੁਲਾਰਾ ਮਿਲੇਗਾ।

ਧੀ ਦੀ ਬਦਨਾਮੀ ਦਾ ਵਿਰੋਧ ਕਰਨ ਵਾਲੇ ਜਵਾਨ ਦੀ ਹੱਤਿਆ

ਖੇੜਾ : ਗੁਜਰਾਤ ਦੇ ਖੇੜਾ ਜ਼ਿਲ੍ਹੇ 'ਚ ਨਾਬਾਲਗ ਧੀ ਦੀ ਇਤਰਾਜ਼ਯੋਗ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਕਰਨ ਦਾ ਵਿਰੋਧ ਕਰਨ ਵਾਲੇ ਬੀ ਐੱਸ ਐੱਫ ਜਵਾਨ ਨੂੰ ਸ਼ਨੀਵਾਰ ਰਾਤ ਪਰਵਾਰ ਦੇ ਸੱਤ ਮੈਂਬਰਾਂ ਨੇ ਕਤਲ ਕਰ ਦਿੱਤਾ। ਪੁਲਸ ਨੇ ਸਾਰੇ ਮੁਲਜ਼ਮ ਫੜ ਲਏ ਹਨ। ਪੁਲਸ ਨੇ ਦੱਸਿਆ ਕਿ ਜਵਾਨ ਵਿਰੋਧ ਕਰਨ ਮੁਲਜ਼ਮ ਦੇ ਘਰ ਗਿਆ ਸੀ।

ਯੂ ਪੀ ਦੀਆਂ ਦੋ ਥਾਵਾਂ ਦੇ ਨਾਂਅ ਬਦਲਣ ਨੂੰ ਮਨਜ਼ੂਰੀ

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰਾਲੇ ਨੇ ਉੱਤਰ ਪ੍ਰਦੇਸ਼ ਸਰਕਾਰ ਦੀਆਂ ਸਿਫਾਰਸ਼ਾਂ ਤੋਂ ਬਾਅਦ ਸੂਬੇ ਵਿਚ ਦੋ ਥਾਵਾਂ ਦੇ ਨਾਂਅ ਬਦਲਣ ਲਈ ਸਹਿਮਤੀ ਦੇ ਦਿੱਤੀ ਹੈ। ਮੰਤਰਾਲੇ ਨੇ ਗੋਰਖਪੁਰ ਜ਼ਿਲ੍ਹੇ ਦੀ ਨਗਰ ਕੌਂਸਲ 'ਮੁੰਡੇਰਾ ਬਾਜ਼ਾਰ' ਦਾ ਨਾਂਅ 'ਚੌਰੀ-ਚੌਰਾ' ਅਤੇ ਦੇਵਰੀਆ 'ਚ 'ਤੇਲੀਆਂ ਅਫਗਾਨ' ਪਿੰਡ ਦਾ ਨਾਂਅ ਬਦਲ ਕੇ 'ਤੇਲੀਆਂ ਸ਼ੁਕਲਾ' ਕਰਨ ਲਈ ਕੋਈ ਇਤਰਾਜ਼ ਨਹੀਂ ਦਾ ਸਰਟੀਫਿਕੇਟ (ਐੱਨ ਓ ਸੀ) ਦੇ ਦਿੱਤਾ ਹੈ।

ਕੋਛੜ ਜੋੜੇ ਨੂੰ ਫੌਰੀ ਰਾਹਤ ਨਹੀਂ

ਮੁੰਬਈ : ਆਈ ਸੀ ਆਈ ਸੀ ਆਈ ਬੈਂਕ ਦੀ ਸਾਬਕਾ ਪ੍ਰਮੁੱਖ ਚੰਦਾ ਕੋਛੜ ਅਤੇ ਉਸ ਦੇ ਕਾਰੋਬਾਰੀ ਪਤੀ ਦੀਪਕ ਕੋਛੜ ਨੇ ਸੀ ਬੀ ਆਈ ਵੱਲੋਂ ਕੀਤੀ ਗ੍ਰਿਫ਼ਤਾਰੀ ਨੂੰ ਚੁਣੌਤੀ ਦਿੱਤੀ ਹੈ। ਹਾਲਾਂਕਿ ਬੰਬੇ ਹਾਈ ਕੋਰਟ ਨੇ ਉਨ੍ਹਾਂ ਨੂੰ ਕੋਈ ਅੰਤਰਮ ਰਾਹਤ ਨਹੀਂ ਦਿੱਤੀ। ਕੋਛੜ ਜੋੜੇ ਦੀ ਪਟੀਸ਼ਨ ਜਸਟਿਸ ਮਾਧਵ ਜਮਦਾਰ ਅਤੇ ਜਸਟਿਸ ਐੱਸ ਜੀ ਚਪਲਗਾਂਵਕਰ ਦੀ ਛੁੱਟੀ ਵਾਲੀ ਬੈਂਚ ਦੇ ਸਾਹਮਣੇ ਆਈ ਸੀ, ਪਰ ਉਸ ਨੇ ਇਸ ਮਾਮਲੇ 'ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

865 ਪਿੰਡ ਮਹਾਰਾਸ਼ਟਰ 'ਚ ਰਲਾਉਣ ਲਈ ਮਤਾ ਪਾਸ

ਮੁੰਬਈ : ਮਹਾਰਾਸ਼ਟਰ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਕਰਨਾਟਕ 'ਚ 865 ਮਰਾਠੀ ਬੋਲਣ ਵਾਲੇ ਪਿੰਡਾਂ ਨੂੰ ਰਾਜ 'ਚ ਮਿਲਾ ਕੇ ਕਾਨੂੰਨੀ ਤੌਰ 'ਤੇ ਅੱਗੇ ਵਧਣ ਦਾ ਮਤਾ ਪਾਸ ਕੀਤਾ ਹੈ।

ਦਵਾ ਫੈਕਟਰੀ 'ਚ ਅੱਗ ਨਾਲ ਚਾਰ ਮੁਲਾਜ਼ਮਾਂ ਦੀ ਮੌਤ

ਵਿਸ਼ਾਖਾਪਟਨਮ : ਆਂਧਰਾ ਪ੍ਰਦੇਸ਼ ਦੇ ਅਨਕਾਪੱਲੀ ਜ਼ਿਲ੍ਹੇ 'ਚ ਜਵਾਹਰ ਲਾਲ ਨਹਿਰੂ ਫਾਰਮਾ ਸਿਟੀ 'ਚ ਸਥਿਤ ਦਵਾਈਆਂ ਬਣਾਉਣ ਵਾਲੀ ਕੰਪਨੀ 'ਚ ਭਿਆਨਕ ਅੱਗ ਲੱਗਣ ਕਾਰਨ ਚਾਰ ਮੁਲਾਜ਼ਮਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ।

ਅੱਜ ਸਰਕਾਰੀ ਛੁੱਟੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਸਰਕਾਰ ਨੇ 28 ਦਸੰਬਰ ਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਹੋਣ ਵਾਲੀ ਸ਼ਹੀਦੀ ਸਭਾ ਦੇ ਮੱਦੇਨਜ਼ਰ ਸੂਬੇ ਵਿੱਚ ਗਜ਼ਟਿਡ ਛੁੱਟੀ ਦਾ ਐਲਾਨ ਕੀਤਾ ਹੈ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸ਼ਹੀਦੀ ਸਭਾ ਮੌਕੇ ਪੰਜਾਬ ਰਾਜ ਦੇ ਸਮੂਹ ਸਰਕਾਰੀ ਦਫਤਰ, ਬੋਰਡ/ ਕਾਰਪੋਰੇਸ਼ਨ ਅਤੇ ਸਰਕਾਰੀ ਵਿਦਿਅਕ ਅਦਾਰੇ 28 ਦਸੰਬਰ (ਬੁੱਧਵਾਰ) ਨੂੰ ਬੰਦ ਰਹਿਣਗੇ। ਇਸ ਸੰਬੰਧੀ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

ਚਾਈਨਾ ਡੋਰ ਦੇ 6 ਗੱਟੂ ਬਰਾਮਦ

ਗੁਰਦਾਸਪੁਰ : ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਜ਼ਿਲ੍ਹੇ 'ਚ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਮੰਗਲਵਾਰ ਜਾਰੀ ਕੀਤੇ ਗਏ ਹੈਲਪ ਲਾਈਨ ਨੰਬਰ 01874-222710 ਦੇ ਛੇਤੀ ਬਾਅਦ ਇੱਕ ਵਿਅਕਤੀ ਵੱਲੋਂ ਝੂਲਨਾ ਮਹਿਲ ਇਲਾਕੇ 'ਚ ਡੋਰ ਵੇਚਣ ਦੀ ਸੂਚਨਾ ਦੇਣ 'ਤੇ ਇੱਕ ਦੁਕਾਨਦਾਰ ਤੋਂ ਚਾਈਨਾ ਡੋਰ ਦੇ 6 ਗੱਟੂ ਬਰਾਮਦ ਕੀਤੇ ਗਏ।

ਇੰਟਰਾਨੇਜ਼ਲ ਵੈਕਸੀਨ ਦੀ ਬਾਜ਼ਾਰੀ ਕੀਮਤ 800 ਰੁਪਏ

ਨਵੀਂ ਦਿੱਲੀ : ਭਾਰਤ ਬਾਇਓਟੈੱਕ ਨੇ ਮੰਗਲਵਾਰ ਐਲਾਨਿਆ ਕਿ ਉਸ ਦੀ ਇੰਟਰਾਨੇਜ਼ਲ ਕੋਵਿਡ ਵੈਕਸੀਨ ਇਨਕੋਵੈੱਕ (ਬੀ ਬੀ ਵੀ 154) ਜਨਵਰੀ ਦੇ ਚੌਥੇ ਹਫਤੇ 'ਚ ਬਾਜ਼ਾਰ 'ਚ ਆ ਜਾਵੇਗੀ। ਇਸ ਦੀ ਕੀਮਤ ਪ੍ਰਾਈਵੇਟ ਤੌਰ 'ਤੇ 800 ਰੁਪਏ ਅਤੇ ਕੇਂਦਰ ਤੇ ਰਾਜ ਸਰਕਾਰ ਲਈ 325 ਰੁਪਏ ਹੋਵੇਗੀ। ਭਾਰਤ ਬਾਇਓਟੈੱਕ ਨੂੰ ਇਨਕੋਵੈੱਕ ਦੀਆਂ ਬੂਸਟਰ ਖੁਰਾਕਾਂ ਦੀ ਵਰਤੋਂ ਲਈ ਕੇਂਦਰੀ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਈਜ਼ੇਸ਼ਨ ਤੋਂ ਮਹੀਨੇ ਦੇ ਸ਼ੁਰੂ 'ਚ ਮਨਜ਼ੂਰੀ ਮਿਲੀ ਸੀ।

ਭਾਜਪਾ ਆਗੂ ਨੇ ਪੁੱਛਿਆ; ਕਾਂਗਰਸੀ ਨੰਗੇ ਕਿਉਂ ਨਹੀਂ ਫਿਰਦੇ

ਨਵੀਂ ਦਿੱਲੀ : ਸਾਬਕਾ ਕੇਂਦਰੀ ਮੰਤਰੀ ਸਲਮਾਨ ਖੁਰਸ਼ੀਦ ਵੱਲੋਂ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਦੀ ਅਗਵਾਈ ਕਰ ਰਹੇ ਰਾਹੁਲ ਗਾਂਧੀ ਦੀ ਤੁਲਨਾ ਭਗਵਾਨ ਰਾਮ ਤੇ ਕਾਂਗਰਸੀਆਂ ਦੀ ਭਰਤ ਨਾਲ ਕਰਨ ਤੋਂ ਬਾਅਦ ਭਾਜਪਾ ਆਗੂ ਦੁਸ਼ਯੰਤ ਗੌਤਮ ਨੇ ਮੰਗਲਵਾਰ ਸਵਾਲ ਕੀਤਾ ਕਿ ਜੇ ਰਾਹੁਲ ਰਾਮ ਦਾ ਅਵਤਾਰ ਹੈ ਤਾਂ ਉਹ ਆਪਣੀ 'ਸੈਨਾ' ਨੂੰ ਦੱਸੇ ਕਿ ਉਹ ਕੀ ਖਾਂਦਾ ਹੈ ਕਿ ਉਸ ਨੂੰ ਠੰਢ ਨਹੀਂ ਲਗਦੀ। ਉਸ ਦੀ ਸੈਨਾ ਨਿਰਵਸਤਰ ਕਿਉਂ ਨਹੀਂ ਫਿਰਦੀ। ਕਾਂਗਰਸੀਆਂ ਨੂੰ ਨੰਗੇ ਫਿਰਨਾ ਚਾਹੀਦਾ ਹੈ, ਜਿਵੇਂ ਭਗਵਾਨ ਰਾਮ ਦੀ ਸ

28-DEC-PAGE-1.qxd 12/27/2022 10:16 PM Page 2

ਮੁਫ਼ਤ ਇਲੈਕਟ੍ਰੋ ਹੋਮਿਓਪੈਥਿਕ ਚੈੱਕਅੱਪ ਤੇ ਦਵਾਈਆਂ ਦਾ ਕੈਂਪ

ਮੋਗਾ (ਅਮਰਜੀਤ ਬੱਬਰੀ)-ਨੈਚਰਲ ਲਾਈਫ਼ ਕੇਅਰ ਇਲੈਕਟ੍ਰੋ ਹੋਮਿਓਪੈਥਿਕ ਬਰਗਾੜੀ ਵਿਖੇ ਡਾਕਟਰ ਰੌਬਿਨ ਅਰੋੜਾ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਤ ਇਕ ਰੋਜ਼ਾ ਫ੍ਰੀ ਇਲੈਕਟ੍ਰੋਹੋਮਿਓਪੈਥਿਕ ਦਵਾਈਆ ਦਾ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਈ ਡੀ ਐਮ ਏ ਰਜਿ ਪੰਜਾਬ ਦੇ ਚੇਅਰਮੈਨ ਡਾਕਟਰ ਜਗਤਾਰ ਸਿੰਘ ਸੋਖੋਂ ਦੁਆਰਾ ਰੀਬਨ ਕੱਟ ਕੇ ਕੀਤਾ ਗਿਆ। ਕੈਂਪ ਵਿੱਚ 150 ਦੇ ਕਰੀਬ ਮਰੀਜ਼ ਚੈੱਕ ਕਰਕੇ ਇਲੈਕਟ੍ਰੋਹੋਮਿਉਪੈਥਿਕ ਦਵਾਈਆਂ ਫ੍ਰੀ ਦਿੱਤੀਆਂ ਗਈਆਂ। ਕੈਂਪ ਵਿੱਚ ਚਮੜੀ ਰੋਗ, ਪਿੱਤੇ ਦੀਆਂ ਪਥਰੀਆਂ, ਗੁਰਦਿਆਂ ਦੀਆਂ ਪਥਰੀਆਂ, ਗਠੀਆ, ਸ਼ੂਗਰ, ਕਾਲਾ ਪੀਲੀਆ, ਥਾਈਰਡ, ਬੱਚੇਦਾਨੀ ਤੇ ਅੰਡੇਦਾਨੀ ਦੀਆ ਰਸੌਲੀਆਂ, ਪੇਟ ਸੰਬੰਧੀ ਰੋਗ ਦੇ ਮਰੀਜ਼ ਚੈੱਕ ਕੀਤੇ ਗਏ। ਇਸ ਕੈਂਪ 'ਚ ਡਾਕਟਰ ਕਮਲਜੀਤ ਕੌਰ ਸੋਖੋਂ, ਡਾਕਟਰ ਜਗਜੀਤ ਸਿੰਘ ਗਿੱਲ, ਸਹਾਇਕ ਜਨਰਲ ਸਕੱਤਰ ਡਾਕਟਰ ਜਸਵੀਰ ਸ਼ਰਮਾ ਭਗਤਾ ਭਾਈ, ਐਗਜੈਕਟਿਵ ਮੈਂਬਰ ਡਾਕਟਰ ਐਸ ਕੇ ਕਟਾਰੀਆ ਬਠਿੰਡਾ, ਡਾਕਟਰ ਪਰਮਜੀਤ ਸਿੰਘ ਨੰਗਲ, ਡਾਕਟਰ ਧਰਮਪਾਲ ਸਿੰਘ ਜਗਰਾਓਂ, ਡਾਕਟਰ ਲਵਪ੍ਰੀਤ ਸਿੰਘ, ਡਾਕਟਰ ਰਮੇਸ਼ ਕੁਮਾਰ ਆਦਿ ਨੇ ਵੀ ਹਾਜ਼ਰੀ ਲਵਾਈ।

ਸਮਾਜ ਸੇਵੀ ਕੰਮ ਕਰਕੇ ਅਸੀਮ ਸ਼ਾਂਤੀ ਮਿਲਦੀ ਹੈ : ਪ੍ਰੀਤੀ ਮਹੰਤ

ਸੰਗਰੂਰ (ਪ੍ਰਵੀਨ ਸਿੰਘ)-ਸਮਾਜ ਸੇਵਾ ਤੇ ਲੋਕ ਭਲਾਈ ਦੇ ਕੰਮ ਕਰਕੇ ਮਨ ਨੂੰ ਅਸੀਮ ਸ਼ਾਂਤੀ ਮਿਲਦੀ ਹੈ। ਇਹ ਵਿਚਾਰ ਸਟੇਟ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਕਰਾਏ ਗਏ ਧਾਰਮਿਕ ਸਮਾਗਮ ਦੌਰਾਨ ਆਉਣ ਵਾਲੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਹਿੰਦਿਆਂ ਉੱਘੀ ਸਮਾਜ ਸੇਵਕਾ ਪ੍ਰੀਤੀ ਮਹੰਤ ਵੱਲੋਂ ਸਮੂਹ ਦੇਸ਼ ਵਾਸੀਆਂ ਦੀ ਖੁਸ਼ਹਾਲੀ ਤੇ ਅਮਨ ਸ਼ਾਂਤੀ ਲਈ ਅਰਦਾਸ ਕੀਤੀ ਗਈ। ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਧਾਰਮਿਕ ਸਮਾਗਮਾਂ ਦੇ ਨਾਲ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ। ਉਨ੍ਹਾਂ ਦੀ ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ 'ਤੇ ਸਮਾਜਿਕ ਤੇ ਧਾਰਮਿਕ ਸਮਾਗਮ ਕਰਕੇ ਸਮਾਜ ਨੂੰ ਨਵੀਂ ਸੇਧ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਮੌਕੇ ਇੰਜ: ਪ੍ਰਵੀਨ ਬਾਂਸਲ, ਰਵਿੰਦਰ ਸਿੰਘ ਗੁੱਡੂ, ਓਮ ਪ੍ਰਕਾਸ਼ ਖਿੱਪਲ, ਕਰਨੈਲ ਸਿੰਘ ਸੋਖੋਂ, ਜਸਵੀਰ ਸਿੰਘ ਖ਼ਾਲਸਾ, ਮਨਮੋਹਨ ਸਿੰਘ, ਕਿਸ਼ੋਰੀ ਲਾਲ, ਮਦਨ ਗੋਪਾਲ ਸਿੰਗਲਾ, ਕਮਲਜੀਤ ਸਿੰਘ, ਜਨਕ ਰਾਜ ਜੋਸ਼ੀ, ਵੇਦ ਪ੍ਰਕਾਸ਼ ਸੱਚਦੇਵ ਆਦਿ ਨੇ ਵੀ ਇਸ ਸਮਾਗਮ ਦੌਰਾਨ ਭਰਵਾਂ ਸਹਿਯੋਗ ਕੀਤਾ। ਉੱਘੀ ਸਮਾਜ ਸੇਵਕਾ ਸ੍ਰੀਮਤੀ ਪ੍ਰਭਾ ਢੀਂਗਰਾ, ਨੱਥੂ ਲਾਲ ਢੀਂਗਰਾ, ਸੰਤੋਸ਼ ਲੂਥਰਾ, ਸਰਲਾ ਦੇਵੀ, ਜਸਪਾਲ ਕੌਰ, ਓਰਮਿਲਾ ਬਾਂਸਲ, ਸੀਤਾ ਦੇਵੀ, ਮੰਜੂਲਾ ਵਰਮਾ, ਯੋਗਿਤਾ ਰਾਣੀ, ਜੈ ਦੇਵੀ, ਸ਼ੋਭਾ ਜੈਨ ਤ੍ਰਿਪਤਾ ਰਾਣੀ, ਸੀਮਾ ਬਾਂਸਲ ਆਦਿ ਨੇ ਧਾਰਮਿਕ ਭਜਨਾਂ ਨੂੰ ਸਰਵਣ ਕੀਤਾ ਅਤੇ ਨੱਚ-ਟੱਪ ਕੇ ਸ੍ਰੀ ਰਾਮ ਅਤੇ ਸ੍ਰੀ ਬਾਲਾ ਜੀ ਦ ਰੰਗ ਵਿੱਚ ਰੰਗੇ ਗਏ।

ਸਾਹਿਬਜ਼ਾਦਿਆਂ ਦੀ ਯਾਦ 'ਚ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

ਧੂਰੀ (ਸੁਖਦੇਵ ਧੂਰੀ)-ਜਰਨਲਿਜ਼ਮ ਐਸੋਸੀਏਸ਼ਨ ਵੱਲੋਂ ਮਾਤਾ ਗੁਜਰ ਕੌਰ ਤੇ ਚਾਰ ਸਾਹਿਬਜ਼ਾਦਿਆਂ ਦੀ ਸਹਾਦਤ ਨੂੰ ਸਮਰਪਤ ਗੁਰਦੁਆਰਾ ਨਾਨਕਸਰ ਵਿਖੇ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਸਮਾਲ ਸਕੇਲ ਇੰਡਸਟਰੀ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਵੀਰ ਸਿੰਘ ਜੱਸੀ ਸੋਖੋਂ, 'ਆਪ' ਆਗੂ ਡਾ. ਅਨਵਰ ਭਸੌੜ, 'ਆਪ' ਆਗੂ ਸਤਿੰਦਰ ਸਿੰਘ ਚੱਠਾ, 'ਆਪ' ਆਗੂ ਗੁਰਤੇਜ ਸਿੰਘ ਤੇਜੀ ਕੱਕੜ ਮਾਰ ਬਾਂਸਲ, ਹੰਸ ਰਾਜ ਬਜਾਜ, ਗੁਰਬੀਰ ਸਿੰਘ ਰੰਧਾਵਾ, ਤਲਵੀਰ ਸਿੰਘ ਧਨੇਸਰ, ਪਰਮਜੀਤ ਸਿੰਘ ਪੰਮਾ ਬਾਠ, ਬੰਤ ਸਿੰਘ ਐਮ.ਡੀ. ਧੂਰੀ ਬੱਸ ਸਰਵਿਸ, ਸੁਖਦੀਪ ਸਿੰਘ ਚੀਮਾ ਪ੍ਰਧਾਨ ਪੰਚਾਇਤ ਯੂਨੀਅਨ, ਅਕਾਲੀ ਆਗੂ ਜਸਵਿੰਦਰ ਕੌਰ ਖਾਲਸਾ, ਬਲਜੀਤ ਕੌਰ ਐਮ.ਸੀ, ਅਕਾਲੀ ਦਲ ਮਾਨ ਦੇ ਸੀਨੀਅਰ ਆਗੂ ਹਰਬੰਸ ਸਿੰਘ ਸਲੇਮਪੁਰ, ਬਾਬਾ ਹਰਬੰਸ ਸਿੰਘ ਜੈਨਪੁਰ, 'ਆਪ' ਆਗੂ ਸੁਖਵੀਰ ਸਿੰਘ ਸੋਢੀ, ਨਗਰ ਕੌਂਸਲਰ ਮਹਾਂਵੀਰ ਫੌਜੀ, ਗੁਰਪ੍ਰੀਤ ਸਿੰਘ ਗੁਰੀ ਮਾਨ ਧੂਰੀ ਪਿੰਡ, ਰਵੀ ਪ੍ਰਧਾਨ ਸੈਨ ਸਮਾਜ, ਦੀਦਾਰ ਸਿੰਘ ਕਾਂਝਲਾ ਤੇ ਮਨਜੀਤ ਸਿੰਘ ਸਾਰੋਂ ਤੋਂ ਇਲਾਵਾ ਧੂਰੀ ਹਲਕੇ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸਿਆਸੀ ਆਗੂਆਂ ਅਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਜਰਨਲਿਜ਼ਮ ਐਸੋਸੀਏਸ਼ਨ ਦੇ ਪ੍ਰਧਾਨ ਲਖਵੀਰ ਸਿੰਘ ਧਾਂਦਰਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਭਨਾਂ ਨੂੰ ਗੁਰੂ ਸਾਹਿਬਾਨ ਵੱਲੋਂ ਦਰਸਾਏ ਗਏ ਮਾਰਗ 'ਤੇ ਚੱਲਣ ਦੀ ਅਪੀਲ ਕੀਤੀ।

ਕਲੀਨ ਐਂਡ ਗਰੀਨ ਸੇਵਾ ਸੋਸਾਇਟੀ ਨੇ ਲੋੜਵੰਦਾਂ ਨੂੰ ਟੋਪੀਆਂ ਤੇ ਕੰਬਲ ਵੰਡੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ)-ਸ਼ਹਿਰ ਦੀ ਨਾਮਵਰ ਸੰਸਥਾ ਕਲੀਨ ਐਂਡ ਗਰੀਨ ਸੇਵਾ ਸੋਸਾਇਟੀ ਤੇ ਸ੍ਰੀ ਅਗਰਵਾਲ ਸਮਾਜ ਸਭਾ ਦੇ ਪ੍ਰਧਾਨ ਤਰਸੇਮ ਗੋਇਲ ਵੱਲੋਂ ਖੁੱਲ੍ਹੇ ਆਸਮਾਨ ਹੇਠਾਂ ਸਰਦੀ ਦੀਆਂ ਰਾਤਾਂ ਕੱਟ ਰਹੇ ਲੋੜਵੰਦਾਂ ਨੂੰ ਗਰਮ ਕੰਬਲ ਤੇ ਟੋਪੀਆਂ ਵੰਡੀਆਂ। ਇਸ ਮੌਕੇ ਉਨ੍ਹਾਂ ਨਾਲ ਸੁਸਾਇਟੀ ਦੇ ਅਹੁਦੇਦਾਰ ਕੁਲਦੀਪ ਗੋਇਲ, ਰਾਜਨ ਬਾਂਸਲ, ਸੰਦੀਪ ਲੂਥਰਾ ਤੇ ਮੁਕੇਸ਼ ਗੋਇਲ ਵੀ ਮੌਜੂਦ ਸਨ। ਇਸ ਮੌਕੇ ਪ੍ਰਧਾਨ ਤਰਸੇਮ ਗੋਇਲ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਲੋਕਾਂ ਦੀ ਮਦਦ ਕਰਨਾ ਬਹੁਤ ਹੀ ਜ਼ਰੂਰੀ ਹੈ, ਜੋ ਪੋਹ-ਮਾਘ ਦੀਆਂ ਰਾਤਾਂ 'ਚ ਖੁੱਲ੍ਹੇ ਆਸਮਾਨ ਹੇਠਾਂ ਰਾਤਾਂ ਕੱਟਣ ਲਈ ਮਜਬੂਰ ਹਨ। ਉਨ੍ਹਾਂ ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਲੋਕਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ ਤੇ ਸ਼ਹਿਰ ਵਿੱਚ ਅਜਿਹੇ ਰਹਿਣ ਬਸੇਰਿਆਂ ਦਾ ਨਿਰਮਾਣ ਕਰਵਾਇਆ ਜਾਵੇ, ਜਿੱਥੇ ਇਹ ਲੋੜਵੰਦ ਆਪਣਾ ਗੁਜ਼ਾਰਾ ਕਰ ਸਕਣ। ਜ਼ਿਕਰਯੋਗ ਹੈ ਕਿ ਕਲੀਨ ਐਂਡ ਗਰੀਨ ਸੇਵਾ ਸੋਸਾਇਟੀ ਪਿਛਲੇਂ ਲੰਮੇ ਸਮੇਂ ਤੋਂ ਲੋੜਵੰਦ ਲੋਕਾਂ ਦੀ ਮਦਦ ਕਰਦੀ ਆ ਰਹੀ ਹੈ, ਇਸ ਤੋਂ ਇਲਾਵਾ ਬੀਤੇ ਵਰ੍ਹਿਆਂ ਦੌਰਾਨ ਕਰੋਨਾ ਕਾਲ 'ਚ ਜਦੋਂ ਹਰ ਕੋਈ ਵਿਅਕਤੀ ਆਪਣੇ ਘਰਾਂ 'ਚੋਂ ਨਿਕਲਣ ਤੋਂ ਡਰਦਾ ਸੀ ਤਾਂ ਇਸ ਸੋਸਾਇਟੀ ਦੇ ਅਹੁਦੇਦਾਰਾਂ ਨੇ ਅੱਗੇ ਹੋ ਕੇ ਲੋੜਵੰਦਾਂ ਦੀ ਮਦਦ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਨਗਰ ਕੀਰਤਨ ਸਜਾਇਆ

ਦੋਦਾ (ਵਕੀਲ ਬਰਾੜ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪਿੰਡ ਭੁੱਲਰ ਵਿਖੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੇ ਪ੍ਰਬੰਧਕ ਬਾਬਾ ਠਾਣਾ ਸਿੰਘ ਦੇ ਉਦਮ ਤੇ ਸਮੂਹ ਨਗਰ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਕੱਢਿਆ ਗਿਆ, ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਨੂੰ ਫੁੱਲਾਂ ਨਾਲ ਸ਼ਿੰਗਾਰੀ ਪਾਲਕੀ ਵਿੱਚ ਸਜਾ ਕੇ ਸਸ਼ੋਭਿਤ ਕੀਤਾ ਗਿਆ, ਜਿਸ ਦੀ ਅਗਵਾਈ ਪੰਜ ਪਿਆਰੇ ਕਰ ਰਹੇ ਸਨ। ਵੱਡੀ ਗਿਣਤੀ ਵਿੱਚ ਸੰਗਤਾਂ ਨਗਰ ਕੀਰਤਨ ਦੇ ਨਾਲ ਨਾਲ ਗੁਰਬਾਣੀ ਜਾਪ ਕਰਦੀਆਂ ਚੱਲ ਰਹੀਆਂ ਸਨ ਤੇ ਕਸ਼ਮੀਰ ਸਿੰਘ-ਸਤਪਾਲ ਸਿੰਘ ਦੇ ਕਵੀਸ਼ਰੀ ਜਥੇ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਸਾਨੀ ਜਿੱਤਾਂ, ਮਹਾਨ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਜਥੇ ਵੱਲੋਂ ਹਾਜ਼ਰ ਸੰਗਤਾਂ ਨੂੰ ਅੰਮ੍ਰਿਤ ਛਕ ਕੇ, ਸਾਬਤ ਸੂਰਤ ਸਿੰਘ ਸਜਣ, ਗੁਰਬਾਣੀ ਤੇ ਸਿੱਖ ਬਾਣੇ ਨਾਲ ਜੁੜਨ ਦੀ ਵੀ ਅਪੀਲ ਕੀਤੀ। ਸਤਿਕਾਰ ਵੱਲੋਂ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਦਿਆਂ, ਨਗਰ ਕੀਰਤਨ ਨਾਲ ਚਲਦੀਆਂ ਸੰਗਤਾਂ ਲਈ ਕਈ ਥਾਂਵਾਂ 'ਤੇ ਚਾਹ, ਮਿਠਾਈਆਂ ਦੇ ਲੰਗਰ ਲਾਏ। ਨਗਰ ਕੀਰਤਨ ਵੱਖ ਵੱਖ ਪੜਾਅ ਤਹਿ ਕਰਦਾ ਹੋਇਆ ਗੁਰੂ ਘਰ ਆ ਕੇ ਸੰਪੰਨ ਹੋਇਆ।

ਸਕਸ਼ਮ ਗੋਦਾਰਾ ਐੱਨ ਡੀ ਏ ਐਂਟਰੀ ਰਾਹੀਂ ਆਰਮੀ 'ਚ ਕਮਿਸ਼ਨਡ ਅਫਸਰ ਵਜੋਂ ਸਿਖਲਾਈ ਲਈ ਸ਼ਾਮਲ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਡੀ.ਏ.ਵੀ. ਪਬਲਿਕ ਸਕੂਲ ਦਾ ਵਿਦਿਆਰਥੀ ਸਕਸ਼ਮ ਗੋਦਾਰਾ ਆਰਮੀ ਕਾਲਜ, ਪੁਣੇ ਵਿੱਚ ਐੱਨ.ਡੀ.ਏ. ਐਂਟਰੀ ਰਾਹੀਂ ਆਰਮੀ ਵਿੱਚ ਕਮਿਸ਼ਨਡ ਅਫਸਰ ਵਜੋਂ ਸਿਖਲਾਈ ਲਈ ਸ਼ਾਮਲ ਹੋਇਆ। ਸਕਸ਼ਮ ਗੋਦਾਰਾ ਦੀ ਇਸ ਪ੍ਰਾਪਤੀ ਤੋਂ ਬਾਅਦ ਸਕੂਲ ਦੀ ਪ੍ਰਿੰਸੀਪਲ ਸੰਧਿਆ ਬਠਲਾ ਤੇ ਸਮੂਹ ਸਟਾਫ਼ ਨੇ ਸਕਸ਼ਮ ਗੋਦਾਰਾ ਅਤੇ ਉਸ ਦੇ ਪਿਤਾ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਸਾਬਕਾ ਵਿਦਿਆਰਥੀ ਆਰੀਅਨ ਸ਼ਾਸਤਰੀ, ਜਿਸ ਨੇ ਏ.ਸੀ.ਸੀ. (ਆਰਮੀ ਕੈਡੇਟ ਕਾਲਜ) 125 ਵਿੱਚ ਦੇਸ਼ ਭਰ ਵਿੱਚ 15ਵਾਂ ਸਥਾਨ ਪ੍ਰਾਪਤ ਕੀਤਾ ਨੂੰ ਵੀ ਸਕੂਲ ਪਹੁੰਚਣ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਪ੍ਰਾਪਤੀ 'ਤੇ ਸਾਨੂੰ ਮਾਣ ਮਹਿਸੂਸ ਹੋ ਰਿਹਾ ਹੈ। ਅਸੀਂ ਚਾਹੁੰਦੇ ਹਾਂ ਕਿ ਸਕਸ਼ਮ ਗੋਦਾਰਾ ਦਿਨ-ਰਾਤ ਦੁੱਗਣੀ ਤਰੱਕੀ ਕਰਦੇ ਹੋਏ ਦੇਸ਼ ਦੀ ਸੇਵਾ ਕਰਦੇ ਹੋਏ ਲਗਾਤਾਰ ਨਵੇਂ ਮੀਲ ਪੱਥਰ ਹਾਸਲ ਕਰਕੇ ਆਪਣੇ ਖੇਤਰ ਦਾ ਨਾਂਅ ਰੌਸ਼ਨ ਕਰਦੇ ਰਹਿਣ। ਦੋਵਾਂ ਵਿਦਿਆਰਥੀਆਂ ਨੇ ਸਾਬਿਤ ਕਰ ਦਿੱਤਾ ਕਿ ਲਗਨ ਤੇ ਲਗਨ ਨਾਲ ਪੜ੍ਹਾਈ ਕਰਨ ਨਾਲ ਵਧੀਆ ਨਤੀਜੇ ਨਿਕਲਦੇ ਹਨ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਵੀ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਆਪਣਾ ਆਸ਼ੀਰਵਾਦ ਦਿੱਤਾ।

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਾਲ 2023 ਦਾ ਕੈਲੰਡਰ ਜਾਰੀ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)

ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਤੇ ਕਿਰਤ ਦੀ ਲਹਿਰ ਨੂੰ ਪ੍ਰਣਾਏ ਕਾਮਰੇਡ ਰਣਧੀਰ ਸਿੰਘ ਗਿੱਲ ਦੀ ਨਿੱਘੀ ਯਾਦ ਨੂੰ ਸਮਰਪਤ ਜਥੇਬੰਦੀ ਦਾ ਸਾਲ 2023 ਦਾ ਕੈਲੰਡਰ ਜਾਰੀ ਕੀਤਾ ਗਿਆ।

ਕੈਲੰਡਰ ਜਾਰੀ ਕਰਨ ਦੀ ਰਸਮ ਜਥੇਬੰਦੀ ਦੇ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਸੀਨੀਅਰ ਮੀਤ ਪ੍ਰਧਾਨ ਪ੍ਰਵੀਨ ਕੁਮਾਰ ਲੁਧਿਆਣਾ ਤੇ ਸੁਖਜਿੰਦਰ ਸਿੰਘ ਖਾਨਪੁਰ, ਮੀਤ ਪ੍ਰਧਾਨ ਪਰਮਿੰਦਰ ਸਿੰਘ ਸੇਢੀ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਤੇ ਜਸਪਾਲ ਸੰਧੂ, ਪੰਜਾਬ ਸੂਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22-ਬੀ ਚੰਡੀਗੜ੍ਹ ਦੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਯੂਨੀਅਨ ਦੇ ਸਮੂਹ ਸੂਬਾ ਕਾਰਜਕਾਰਨੀ ਕਮੇਟੀ ਮੈਂਬਰਾਂ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਨਵੀਂ ਸਿੱਖਿਆ ਨੀਤੀ 2020 ਦੇ ਲੋਕ ਵਿਰੋਧੀ ਪੱਖਾਂ 'ਤੇ ਰੋਸ਼ਨੀ ਪਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਕਿ ਪੰਜਾਬ ਵਿੱਚ 'ਸਕੂਲ ਆਫ ਐਮੀਨੈਂਸ' ਖੋਲ੍ਹਣ ਦੀ ਬਜਾਏ ਸਕੂਲੀ ਸਿੱਖਿਆ 'ਚ ਕਾਮਨ ਸਕੂਲ ਸਿਸਟਮ ਲਾਗੂ ਕੀਤਾ ਜਾਵੇ ਤੇ ਪ੍ਰਾਇਮਰੀ ਪੱਧਰ ਤੋਂ ਸੈਕੰਡਰੀ ਪੱਧਰ ਤੱਕ ਅਧਿਆਪਕਾਂ ਦੀਆਂ ਖਾਲੀ ਪਈਆਂ ਲਗਭਗ 25-30 ਹਜ਼ਾਰ ਅਸਾਮੀਆਂ ਉੱਪਰ ਰੈਗੂਲਰ ਭਰਤੀ ਕੀਤੀ ਜਾਵੇ, ਪੰਜਾਬ ਦੇ ਸਮੂਹ ਮੁਲਾਜ਼ਮਾਂ, ਅਧਿਆਪਕਾਂ ਤੇ ਪੈਨਸ਼ਨਰਜ਼ ਨਾਲ ਕੀਤੇ ਗਏ ਸਾਰੇ ਚੋਣ ਵਾਅਦੇ ਤੁਰੰਤ ਅਮਲੀ ਰੂਪ ਵਿੱਚ ਲਾਗੂ ਕੀਤੇ ਜਾਣ। ਇਸ ਸਮੇਂ ਪੰਜਾਬ ਸੂਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਵੱਲੋਂ ਆਉਣ ਵਾਲੇ ਸਮੇਂ ਦੌਰਾਨ ਉਲੀਕੇ ਗਏ ਐਕਸ਼ਨਾਂ ਦੀ ਹਮਾਇਤ ਕਰਦੇ ਹੋਏ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਇਨ੍ਹਾਂ ਐਕਸ਼ਨਾਂ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਿੰਦਰ ਪਾਲ ਸਿੰਘ ਕਾਲੀਆ, ਬਲਬੀਰ ਸਿੰਘ ਕੰਗ, ਅਮਨਦੀਪ ਸਿੰਘ ਬੁਢਲਾਡਾ, ਰਕੇਸ਼ ਧਵਨ ਅੰਮ੍ਰਿਤਸਰ, ਕੁਲਦੀਪ ਸਿੰਘ ਸਹਿਦੇਵ ਫਰੀਦਕ

28-Dec Page 3.qxd 12/27/2022 10:24 PM Page 1

ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਦਾ ਕੀਤਾ ਜਾ ਰਿਹੈ ਵਿਰੋਧ : ਰਾਣਵਾਂ / ਕੋਕਰੀ

ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ) ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾਈ ਕਨਵੀਨਰ ਗੁਰਜੰਟ ਸਿੰਘ ਕੋਕਰੀ ਨੇ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਪ੍ਰੀਸ਼ਦ ਦੇ ਮੈਂਬਰ ਸੰਜੀਵ ਸਾਨਿਆਲ ਵੱਲੋਂ ਪੁਰਾਣੀ ਪੈਨਸਨ ਸਕੀਮ ਨੂੰ ਬਹਾਲ ਕਰਨ ਸਬੰਧੀ ਦਿੱਤੇ ਗਏ ਬਿਆਨ 'ਤੇ ਟਿੱਪਣੀ ਕਰਦਿਆਂ ਇਸ ਬਿਆਨ ਨੂੰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਆ ਕੇ ਦਿੱਤਾ ਗਿਆ ਬਿਆਨ ਕਰਾਰ ਦਿੱਤਾ ਹੈ, ਕਿਉਂਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਤੇ ਪੰਜਾਬ ਸਰਕਾਰ ਵੱਲੋਂ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਸਬੰਧੀ ਫੈਸਲੇ ਲਏ ਜਾ ਚੁੱਕੇ ਹਨ। ਆਗੂਆਂ ਨੇ ਅੱਗੇ ਦੱਸਿਆ ਕਿ ਨਵੀਂ ਪੈਨਸਨ ਸਕੀਮ ਤਹਿਤ ਸਟੇਟ ਸ਼ੇਅਰ ਦੇ ਰੂਪ ਵਿੱਚ ਇਕੱਲੇ ਪੰਜਾਬ ਰਾਜ ਤੋਂ ਜਨਵਰੀ 2004 ਤੋਂ ਬਾਅਦ ਹੁਣ ਤੱਕ 18 ਹਜਾਰ ਕਰੋੜ ਦੀ ਰਕਮ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ ਤੇ ਹਰ ਸਾਲ 2800 ਕਰੋੜ ਰੁਪਏ ਲਗਾਤਾਰ ਕਾਰਪੋਰੇਟਾਂ ਦੇ ਹੱਥਾਂ ਵਿੱਚ ਜਾ ਰਹੇ ਹਨ। ਸਮੁੱਚੇ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚੋਂ ਨਵੀਂ ਪੈਨਸਨ ਸਕੀਮ ਤਹਿਤ ਕਟੌਤੀ ਕੀਤੀ ਜਾ ਰਹੀ ਅਰਬਾਂ ਰੁਪਏ ਦੀ ਰਾਸ਼ੀ ਦਾ ਅੰਦਾਜਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਕਰਕੇ ਕਾਰਪੋਰੇਟ ਸੈਕਟਰ ਨੂੰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਗੱਲ ਹਜਮ ਨਹੀਂ ਹੋ ਰਹੀ। ਆਗੂਆਂ ਨੇ ਦੋਸ਼ ਲਾਉਂਦੇ ਹੋਏ ਕਿਹਾ ਗਿਆ ਕਿ ਮੁਲਾਜਮਾਂ ਅਤੇ ਸਰਕਾਰ ਦਾ ਲਗਭਗ 24 % ਹਿੱਸਾ ਮੁਲਾਜਮਾਂ ਦੀ ਤਨਖਾਹ ਵਿੱਚੋਂ ਕੱਟ ਕੇ ਪ੍ਰਾਈਵੇਟ ਕੰਪਨੀਆਂ ਕੋਲ ਸੇਅਰ ਮਾਰਕੀਟ ਵਿੱਚ ਲਗਾਉਣ ਨਾਲ ਮੁਲਾਜਮਾਂ ਅਤੇ ਸਰਕਾਰ ਦਾ ਨੁਕਸਾਨ ਹੋ ਰਿਹਾ ਹੈ ਜਦ ਕਿ ਪ੍ਰਾਈਵੇਟ ਕੰਪਨੀਆਂ ਸ਼ੇਅਰ ਮਾਰਕੀਟ ਵਿੱਚੋਂ ਮੁਨਾਫਾ ਕਮਾ ਰਹੀਆਂ ਹਨ। ਸਰਮਾਏਦਾਰੀ ਕੰਪਨੀਆਂ ਦੇ ਦਬਾਅ ਹੇਠ ਆ ਕੇ ਹੀ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੁਲਾਜਮਾਂ ਦੀ ਬੁਢਾਪੇ ਦੀ ਡੰਗੋਰੀ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਤੇ ਆਨੇ ਬਹਾਨੇ ਲਗਾ ਕੇ ਟਾਲਿਆ ਜਾ ਰਿਹਾ ਹੈ। ਆਗੂਆਂ ਵੱਲੋਂ ਦੱਸਿਆ ਗਿਆ ਕਿ ਨਵੀਂ ਪੈਨਸ਼ਨ ਸਕੀਮ ਅਧੀਨ ਮੁਲਾਜਮਾਂ ਨੂੰ ਸੇਵਾ ਮੁਕਤ ਹੋਣ ਉਪਰੰਤ ਉਹਨਾਂ ਦੇ ਸ਼ੇਅਰ ਮਾਰਕੀਟ ਵਿੱਚ ਆਏ ਫੰਡ ਅਨੁਸਾਰ 3000 ਜਾਂ 4000 ਰੁਪਏ ਦੇ ਲੱਗਭੱਗ ਪੈਨਸ਼ਨ ਮਿਲਦੀ ਹੈ ਜਿਸ ਨਾਲ ਮੁਲਾਜਮਾਂ ਦਾ ਬੁਢਾਪੇ ਦਾ ਭਵਿੱਖ ਧੁੰਦਲਾ ਹੋ ਰਿਹਾ ਹੈ। ਆਗੂਆਂ ਨੇ ਦੇਸ਼ ਦੇ ਸਮੂਹ ਮਿਹਨਤਕਸ਼ ਵਰਗ ਨੂੰ ਲਾਮਬੰਦ ਹੋ ਕੇ ਸੰਘਰਸ਼ਾਂ ਨੂੰ ਤਿੱਖਾ ਕਰਨ ਦਾ ਸੱਦਾ ਦਿੰਦੇ ਹੋਏ ਕਾਰਪੋਰੇਟ ਸੈਕਟਰ ਦੇ ਸਾਰੇ ਦਲਾਲਾਂ ਨੂੰ ਚਿਤਾਵਨੀ ਦਿੱਤੀ ਕਿ ਸੰਸਦ ਦੇ ਚੱਲ ਰਹੇ ਮੌਜੂਦਾ ਸ਼ੈਸ਼ਨ ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਚਾਲੂ ਰੱਖਣ ਸਬੰਧੀ ਦਿੱਤੇ ਗਏ ਬਿਆਨਾਂ ਤੋਂ ਬਾਜ ਆਉਣ। ਆਗੂਆਂ ਨੇ ਦੇਸ਼ ਦੇ ਸਾਰੇ ਮਿਹਨਤਕਸ਼ ਵਰਗ ਨੂੰ ਸੱਦਾ ਦਿੱਤਾ ਕਿ ਆਪਣੇ ਸਾਰੇ ਮੱਤਭੇਦ ਭੁਲਾ ਕੇ ਇਕੱਠੇ ਹੋਣ ਤੇ ਸਾਲ 2024 ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਅਜਿਹੀਆਂ ਰਾਜਨੀਤਕ ਪਾਰਟੀਆਂ ਦਾ ਡੱਟਵਾਂ ਵਿਰੋਧ ਕਰਨ।

ਹਜ਼ਾਰ ਗੱਡੀਆਂ ਦਾ ਕਾਫਲਾ 30 ਨੂੰ ਜ਼ੀਰਾ ਮੋਰਚੇ 'ਚ ਹੋਵੇਗਾ ਸ਼ਾਮਲ: ਪੰਨੂੰ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਜ਼ੀਰਾ ਵਿਖੇ ਸ਼ਰਾਬ ਫੈਕਟਰੀ ਖਿਲਾਫ ਚੱਲ ਰਿਹਾ ਮੋਰਚਾ ਦਿੱਲੀ ਦੇ ਸਿੰਘੂ ਬਾਰਡਰ ਦੀ ਯਾਦ ਤਾਜ਼ਾ ਕਰਵਾ ਰਿਹਾ। ਸਿਰਫ ਪੱਗਾਂ ਦੇ ਰੰਗ ਬਦਲੇ ਜਾਂਦੇ, ਅਸਲ 'ਚ ਸਾਰੇ ਸਿਆਸੀ ਲੋਕ ਇੱਕੋ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਕੰਵਲਪ੍ਰੀਤ ਸਿੰਘ ਪੰਨੂੰ ਨੇ ਕੀਤਾ। ਉਨ੍ਹਾਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਦੀਆਂ ਪੰਜ ਕਿਸਾਨ ਜਥੇਬੰਦੀਆਂ ਨੇ ਜ਼ੀਰਾ ਸ਼ਰਾਬ ਫੈਕਟਰੀ ਦੇ ਸਾਹਮਣੇ ਚੱਲ ਰਹੇ ਮੋਰਚੇ ਨੂੰ ਹਮਾਇਤ ਦੇਣ ਦਾ ਫੈਸਲਾ ਕੀਤਾ ਹੈ। ਦੇਸੀ ਸ਼ਰਾਬ ਫੈਕਟਰੀ ਦੇ ਆਲੇ-ਦੁਆਲੇ ਦੇ ਲੋਕ ਫੈਕਟਰੀ ਦੇ ਪ੍ਰਦੂਸ਼ਣ ਨੂੰ ਬੰਦ ਕਰਾਉਣ ਲਈ ਪਿਛਲੇ ਕੁਝ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਹੋਏ ਹਨ। ਇਹ ਫੈਕਟਰੀ ਤੇਜ਼ਾਬੀ ਪਾਣੀ ਨਾਲ ਧਰਤੀ ਵਿਚ ਬੋਰ ਕਰਕੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰ ਰਹੀ ਹੈ। ਇਨ੍ਹਾਂ ਪਿੰਡਾਂ ਦੇ ਲੋਕ ਇਸ ਪਾਣੀ ਤੋਂ ਪੀੜਤ ਹਨ। ਉਹ ਗੰਭੀਰ ਬਿਮਾਰੀਆਂ ਅਤੇ ਮੌਤਾਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਸਰਕਾਰ ਅਤੇ ਅਦਾਲਤ ਨੇ ਲੋਕਾਂ ਦਾ ਪੱਖ ਲੈਣ ਦੀ ਥਾਂ ਫੈਕਟਰੀ ਦਾ ਪੱਖ ਪੂਰਿਆ ਹੈ। ਧਰਨਾਕਾਰੀਆਂ ਉੱਪਰ ਪੁਲਸੀਆ ਤਸ਼ੱਦਦ ਢਾਹਿਆ ਗਿਆ। ਵੱਖ-ਵੱਖ ਧਾਰਾਵਾਂ ਅਧੀਨ ਲੋਕਾਂ ਉਪਰ ਕੇਸ ਦਰਜ ਕਰਕੇ ਜੇਲਾਂ ਵਿੱਚ ਡੱਕਿਆ ਗਿਆ। ਮੋਰਚੇ ਦੀ ਅਗਵਾਈ ਕਰਨ ਵਾਲੇ ਆਗੂਆਂ ਦੀ ਜਾਇਦਾਦ ਨੂੰ ਵੀ ਅਟੈਚ ਕੀਤਾ ਗਿਆ ਹੈ। ਪੰਜ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਮੋਰਚੇ ਦਾ ਪੱਖ ਲੈਂਦਿਆਂ 30 ਦਸੰਬਰ ਨੂੰ ਚੰਡੀਗੜ੍ਹ ਵਿੱਚ ਪਾਣੀਆਂ ਦੇ ਮਸਲਿਆਂ 'ਤੇ ਸ਼ੁਰੂ ਹੋਣ ਵਾਲੇ ਪੱਕੇ ਮੋਰਚੇ ਨੂੰ 17 ਜਨਵਰੀ ਤਕ ਮੁਲਤਵੀ ਕੀਤਾ ਹੈ। 30 ਦਸੰਬਰ ਨੂੰ ਪੰਜ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਇੱਕ ਹਜ਼ਾਰ ਗੱਡੀਆਂ ਦਾ ਕਾਫਲਾ ਜ਼ੀਰਾ ਸ਼ਰਾਬ ਫੈਕਟਰੀ ਸਾਹਮਣੇ ਚੱਲ ਰਹੇ ਮੋਰਚੇ ਵਿੱਚ ਸ਼ਾਮਲ ਹੋ ਕੇ ਮੋਰਚੇ ਦੀ ਡਟਵੀਂ ਹਮਾਇਤ ਕਰੇਗਾ।

ਚਾਈਨਾ ਡੋਰ ਦੀ ਵਿਕਰੀ ਜ਼ੋਰਾਂ 'ਤੇ, ਪ੍ਰਸ਼ਾਸਨ ਖਾਮੋਸ਼

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਲੋਹੜੀ ਦਾ ਤਿਉਹਾਰ ਨੇੜੇ ਆਉਂਦੇ ਹੀ ਨੌਜਵਾਨਾਂ ਨੂੰ ਸਭ ਤੋਂ ਵੱਧ ਚਾਅ ਪਤੰਗਬਾਜ਼ੀ ਦਾ ਹੁੰਦਾ ਹੈ। ਪ੍ਰੰਤੂ ਪਿਛਲੇ ਕੁੱਝ ਸਾਲਾਂ ਤੋਂ ਬਾਜ਼ਾਰ ਵਿੱਚ ਚਾਈਨਾ ਡੋਰ ਦੇ ਆ ਜਾਣ 'ਤੇ ਇਹ ਤਿਉਹਾਰ ਫਿੱਕਾ ਪੈ ਗਿਆ ਹੈ। ਜ਼ਿਕਰਯੋਗ ਹੈ ਕਿ ਖੂਨੀ ਚਾਈਨਾ ਡੋਰ ਇੱਕ ਪਲਾਸਟਿਕ ਤੋਂ ਬਣੀ ਹੁੰਦੀ ਹੈ ਅਤੇ ਧਾਗਾ ਡੋਰ ਦੇ ਮੁਕਾਬਲੇ ਇਹ ਡੋਰ ਜ਼ਿਆਦਾ ਮਜ਼ਬੂਤ ਹੁੰਦੀ ਹੈ ਜਿਸ ਕਾਰਨ ਨੌਜਵਾਨਾਂ ਵਿੱਚ ਇਸ ਨੂੰ ਖਰੀਦਣ ਦਾ ਚਾਅ ਸਭ ਤੋਂ ਵੱਧ ਰਹਿੰਦਾ ਹੈ ਪਰ ਇਸ ਦੀ ਵੱਧ ਮਜ਼ਬੂਤੀ ਹੋਣ ਕਾਰਨ ਹੀ ਪ੍ਰਸ਼ਾਸਨ ਵੱਲੋਂ ਇਸ 'ਤੇ ਰੋਕ ਲਗਾਈ ਗਈ ਹੈ ਕਿਉਂਕਿ ਚਾਈਨਾ ਡੋਰ ਨਾਲ ਕਈ ਹਾਦਸੇ ਹੋ ਚੁੱਕੇ ਹਨ ਅਤੇ ਕਈ ਪੰਛੀ ਵੀ ਇਸ ਦੀ ਲਪੇਟ ਵਿੱਚ ਆ ਕੇ ਆਪਣੀ ਜਾਨ ਗਵਾ ਚੁੱਕੇ ਹਨ ਪਰ ਇਸਦੇ ਬਾਵਜੂਦ ਵੀ ਕੁੱਝ ਲਾਲਚੀ ਲੋਕ ਪੈਸਿਆਂ ਦੀ ਖਾਤਰ ਇਸ ਖੂਨੀ ਚਾਈਨਾ ਡੋਰ ਦੀ ਵਿਕਰੀ ਭਿੱਖੀਵਿੰਡ ਤੇ ਖਾਲੜਾ ਇਲਾਕੇ ਵਿੱਚ ਜੋਰਾਂ-ਸ਼ੋਰਾਂ ਨਾਲ ਕਰ ਰਹੇ ਹਨ। ਪ੍ਰੰਤੂ ਥਾਣਾ ਖਾਲੜਾ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਚੁੱਪੀ ਧਾਰੀ ਬੈਠਾ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਹੈ। ਕਸਬਾ ਖਾਲੜਾ ਦੇ ਕੁੱਝ ਨੌਜਵਾਨਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਖਾਲੜਾ ਦੇ ਵੱਡਾ ਗੱਲਾ ਤੇ ਮੋਨ ਬਾਜ਼ਾਰ ਵਿੱਚ ਖੂਨੀ ਡੋਰ ਦੀ ਵਿਕਰੀ ਕੁੱਝ ਲਾਲਚੀ ਦੁਕਾਨਦਾਰਾਂ ਤੇ ਕੁੱਝ ਘਰਾਂ ਅੰਦਰ ਧੜੱਲੇ ਨਾਲ ਹੋ ਰਹੀ ਹੈ। ਇਸ ਗੰਭੀਰ ਮਸਲੇ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਕਿਹਾ ਕਿ ਚਾਈਨਾ ਡੋਰ ਦੀ ਵਿਕਰੀ ਵਿੱਚ ਸਿਰਫ ਪ੍ਰਸ਼ਾਸਨ ਨੂੰ ਹੀ ਜ਼ਿੰਮੇਵਾਰ ਠਹਿਰਾਉਣਾ ਸਹੀ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇ ਨਾਲ ਨਾਲ ਅਸੀਂ ਲੋਕ ਵੀ ਜ਼ਿੰਮੇਵਾਰ ਹਨ ਕਿਉਂਕਿ ਜੇਕਰ ਅਸੀਂ ਖੁਦ ਇਸ ਖੂਨੀ ਚਾਈਨਾ ਡੋਰ ਨੂੰ ਨਹੀਂ ਖਰੀਦਾਂਗੇ ਤਾਂ ਇਸ ਦੀ ਬਾਜ਼ਾਰ ਵਿੱਚ ਵਿਕਰੀ ਬੰਦ ਹੋ ਜਾਵੇਗੀ। ਉਨ੍ਹਾਂ ਜ਼ਿਲ੍ਹਾ ਤਰਨਤਾਰਨ ਵਾਸੀਆਂ ਨੂੰ ਅਪੀਲ ਕੀਤੀ ਕਿ ਇਸ ਖੂਨੀ ਡੋਰ ਦੀ ਵਿਕਰੀ 'ਤੇ ਪੂਰਨ ਰੋਕ ਲਗਾਉਣ ਲਈ ਲੋਕ ਪ੍ਰਸ਼ਾਸ਼ਨ ਦਾ ਸਾਥ ਦੇਣ ਅਤੇ ਇਸ ਵਾਰ ਲੋਹੜੀ ਦੇ ਤਿਉਹਾਰ 'ਤੇ ਚਾਈਨਾ ਡੋਰ ਨਾ ਖਰੀਦਣ ਤਾਂ ਕਿ ਇਸ ਡੋਰ ਨਾਲ ਹੋਣ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ।

ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ

ਮਜੀਠਾ (ਸੋਇਮ ਆਨੰਦ)-ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਸਥਾਨਕ ਗੁਰਦਵਾਰਾ ਮਾਈਆਂ ਵਾਲਾ ਮਜੀਠਾ ਵਿਖੇ ਐਤਵਾਰ ਸ਼ਾਮ 6 ਤੋਂ ਰਾਤ 10 ਵਜੇ ਤੱਕ ਗੁਰਦਵਾਰਾ ਪ੍ਰਬੰਧਕ ਕਮੇਟੀ ਮਾਈਆਂ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮਹਾਨ ਗੁਰਮਤਿ ਸਮਾਗਮ ਵਿੱਚ ਗਿਆਨੀ ਸੰਤੋਖ ਸਿੰਘ ਸੰਪ੍ਰਦਾਇ ਬਾਬਾ ਬਿਧੀ ਸਿੰਘ ਜੀ ਸੁਰ ਸਿੰਘ ਵਾਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪਰਿਵਾਰ ਸਮੇਤ ਸ੍ਰੀ ਆਨੰਦਪੁਰ ਸਾਹਿਬ ਛੱਡਣ ਤੋਂ ਲੈ ਕੇ ਪਰਿਵਾਰ ਵਿਛੋੜਾ ਅਤੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਦੇ ਇੱਕ ਇੱਕ ਪਲ ਦੀ ਕਥਾ ਸੰਗਤਾਂ ਨੂੰ ਸਰਵਣ ਕਰਵਾਈ। ਇਸ ਤੋਂ ਪਹਿਲਾਂ ਭਾਈ ਮਨਮੀਤ ਸਿੰਘ ਅਤੇ ਭਾਈ ਪਵਿੱਤਪਾਲ ਸਿੰਘ ਦੇ ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਰਾਹੀਂ ਸੰਗਤਾਂ ਨੂੰ ਨਿਹਾਲ ਕਰਦਿਆ ਬੱਚਿਆਂ ਦੀ ਲਾਸਾਨੀ ਕੁਰਬਾਨੀ ਨੂੰ ਸਿੱਜਦਾ ਕੀਤਾ। ਸਮਾਗਮ ਦੀ ਸਮਾਪਤੀ 'ਤੇ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਗੁਰਪ੍ਰੀਤ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਗੁਰੂ ਦਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

ਹਲਕਾ ਮਜੀਠਾ ਦੇ ਵਿਕਾਸ ਕਾਰਜ ਜਲਦ ਨੇਪਰੇ ਚਾੜ੍ਹੇ ਜਾਣਗੇ: ਲਾਲੀ ਮਜੀਠੀਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਦੇ ਲੋਕ ਪਿਛਲੀਆਂ ਸਰਕਾਰਾਂ ਦੇ ਸਤਾਏ ਹੋਏ ਸਨ ਜਿਨ੍ਹਾਂ ਨੇ ਦੋਹਾਂ ਪਾਰਟੀਆਂ ਨੂੰ ਨਕਾਰ ਕੇ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਬਣਾਈ। ਇਹ ਪ੍ਰਗਟਾਵਾ ਹਲਕਾ ਮਜੀਠਾ ਦੇ ਇੰਚਾਰਜ ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਡਾ. ਸਤਿੰਦਰ ਕੌਰ ਗਿੱਲ ਨੇ ਹਲਕਾ ਮਜੀਠਾ ਦੇ ਪੰਚਾਂ-ਸਰਪੰਚਾਂ ਦੀ ਹੋਈ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।

ਸੁਖਜਿੰਦਰਰਾਜ ਸਿੰਘ ਲਾਲੀ ਮਜੀਠੀਆ ਅਤੇ ਡਾ. ਸਤਿੰਦਰ ਕੌਰ ਗਿੱਲ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬਹੁਤ ਖੁਸ਼ ਹਨ ਜਿਸ ਵਿੱਚ ਹਰ ਵਰਗ ਦੀ ਸੁਣਵਾਈ ਹੋ ਰਹੀ ਹੈ ਅਤੇ ਵਰਗ ਰਹੇ ਨਸ਼ਿਆਂ ਦੇ ਦਰਿਆ ਨੂੰ ਠੱਲ੍ਹ ਪੈ ਰਹੀ ਹੈ। ਉਨ੍ਹਾਂ ਮਜੀਠਾ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਮਜੀਠਾ ਹਲਕੇ ਦਾ ਵਿਕਾਸ ਬਿਨਾਂ ਭੇਦ-ਭਾਵ ਦੇ ਕੀਤਾ ਜਾ ਰਿਹਾ ਹੈ ਜਿਸ ਵਿੱਚ ਕਿਸੇ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਪਿੰਡਾਂ ਦੇ ਲੋਕਾਂ ਨੂੰ ਸਹੂਲਤਾਂ ਉਨ੍ਹਾਂ ਦੇ ਘਰ- ਘਰ ਆ ਕੇ ਮੁਹੱਈਆ ਕਰਵਾਈਆਂ ਜਾਣ ਜਿਸ ਵਿੱਚ ਸਰਕਾਰ ਸਫਲ ਵੀ ਹੋ ਰਹੀ ਹੇ। ਇਹ ਮੀਟਿੰਗ ਜਿਸ ਵਿੱਚ ਬਲਾਕ ਮਜੀਠਾ ਅਤੇ ਤਰਸਿੱਕਾ ਦੇ ਬਲਾਕ ਵਿਕਾਸ ਪੰਚਾਇਤ ਅਫ਼ਸਰ ਮੌਜੂਦ ਸਨ, ਨੂੰ ਪਿੰਡਾਂ ਨਾਲ ਸਬੰਧਿਤ ਵਿਕਾਸ ਕਾਰਜ ਜਲਦ ਨੇਪਰੇ ਚਾੜ੍ਹਨ ਦੇ ਆਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਥਾਣਾ ਮੁਖੀ ਮਜੀਠਾ, ਕੱਥੂਨੰਗਲ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਰਕਰ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਸ਼ਹਾਦਤ ਦੇਣ ਵਾਲਿਆਂ ਦੇ ਹਮੇਸ਼ਾ ਕਰਜ਼ਾਈ ਰਹਿਣਗੇ ਦੇਸ਼ ਵਾਸੀ : ਬ੍ਰਮ ਸ਼ੰਕਰ ਜਿੰਪਾ

ਹੁਸ਼ਿਆਰਪੁਰ, (ਓ ਪੀ ਰਾਣਾ)

ਕੈਬਿਨਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਭਾਰਤ ਮਾਤਾ ਦੇ ਉਹ ਮਹਾਨ ਸਪੂਤ ਸਨ, ਜਿਨ੍ਹਾਂ ਨੇ ਦੇਸ਼ ਖਾਤਰ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ। ਉਨ੍ਹਾਂ ਨੇ ਜਾਲਮ ਬਰਤਾਨਵੀ ਹਕੂਮਤ ਨਾਲ ਜਲ੍ਹਿਆਂ ਵਾਲੇ ਬਾਗ ਵਿਚ ਨਿਹੱਥੇ ਅਤੇ ਬੇਕਸੂਰ ਭਾਰਤੀਆਂ ਉਤੇ ਕੀਤੇ ਜ਼ੁਲਮ ਦਾ ਬਦਲਾ ਲਿਆ। ਅਸੀਂ ਜਿਸ ਆਜ਼ਾਦੀ ਦਾ ਆਨੰਦ ਲੈ ਰਹੇ ਹਾਂ, ਉਹ ਸਾਡੇ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਕਾਰਨ ਹੀ ਸੰਭਵ ਹੋ ਸਕਿਆ ਹੈ। ਉਹ ਸ਼ਹੀਦ ਊਧਮ ਸਿੰਘ ਦੇ ਜਨਮ ਦਿਵਸ ਮੌਕੇ ਨਗਰ ਸੁਧਾਰ ਟਰੱਸਟ ਮਾਰਕੀਟ ਵਿਚ ਸਥਾਪਿਤ ਉ

28-December-PAGE-4-2.qxd 12/27/2022 10:22 PM Page 1

ਨਵਾਂ ਜ਼ਮਾਨਾ
ਬੁੱਧਵਾਰ, 28 ਦਸੰਬਰ 2022

ਪੁਲਸ ਰਾਜ 'ਚ ਤਬਦੀਲ ਹੋ ਰਿਹੈ ਦੇਸ਼

ਤਾਨਾਸ਼ਾਹੀ ਦਾ ਦੂਜਾ ਰੂਪ ਪੁਲਸ ਰਾਜ ਹੁੰਦਾ ਹੈ। ਤਾਨਾਸ਼ਾਹੀ ਰਾਜ ਅਧੀਨ ਇੱਕ ਯੋਜਨਾਬੱਧ ਢੰਗ ਨਾਲ ਪਹਿਲਾਂ ਦੇਸ਼ ਵਿੱਚ ਅਜਿਹਾ ਅਪਰਾਧਕ ਮਾਹੌਲ ਸਿਰਜਿਆ ਜਾਂਦਾ ਹੈ, ਜਿਸ ਨਾਲ ਲੋਕ ਤੌਬਾ-ਤੌਬਾ ਕਰਨ ਲੱਗ ਜਾਣ। ਭੀੜਤੰਤਰੀ ਹੱਤਿਆਵਾਂ, ਔਰਤਾਂ ਨਾਲ ਬਲਾਤਕਾਰ ਤੇ ਗੁੰਡਾਗਰਦੀ ਜਦੋਂ ਸਿਖਰ 'ਤੇ ਪੁੱਜ ਜਾਂਦੀ ਹੈ ਤਾਂ ਪੁਲਸ ਨੂੰ ਖੁੱਲ੍ਹੀ ਛੁੱਟੀ ਦੇ ਕੇ ਵਿਰੋਧੀਆਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਸਮੇਂ ਭਾਜਪਾ ਸ਼ਾਸਤ ਰਾਜਾਂ, ਖਾਸ ਕਰ ਉੱਤਰ ਪ੍ਰਦੇਸ਼ ਵਿੱਚ ਇਹੋ ਕੁਝ ਹੋ ਰਿਹਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਉੱਥੇ ਥਾਣਿਆਂ ਨੂੰ ਨਿਰਦੋਸ਼ ਮੁਸਲਮਾਨਾਂ ਤੇ ਹੋਰ ਵਿਰੋਧੀਆਂ ਦੇ ਕੋਟੇ ਨਿਸਚਤ ਕੀਤੇ ਹੋਣ। ਇਸ ਨਾਲ ਲੋਕਾਂ ਵਿੱਚ ਇਹ ਪ੍ਰਭਾਵ ਦਿੱਤਾ ਜਾਂਦਾ ਹੈ ਕਿ ਸਰਕਾਰ ਉਨ੍ਹਾਂ ਦੀ ਸੁਰੱਖਿਆ ਲਈ ਚਿੰਤਤ ਹੈ।

ਅਜਿਹੇ ਹੀ ਇੱਕ ਕੇਸ ਵਿੱਚ ਮਿਰਜ਼ਾਪੁਰ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਇੱਕ ਝੂਠੇ ਕੇਸ ਵਿੱਚ ਫਸਾਏ ਗਏ ਨਿਰਦੋਸ਼ ਵਿਅਕਤੀ ਨੂੰ ਬਰੀ ਕਰਦਿਆਂ ਪ੍ਰਸ਼ਾਸਨ ਨੂੰ ਸਖ਼ਤ ਫਟਕਾਰ ਲਾਈ ਹੈ। ਅਦਾਲਤ ਨੇ ਮਿਸਾਲੀ ਫੈਸਲਾ ਦਿੰਦਿਆਂ ਹੁਕਮ ਦਿੱਤਾ ਹੈ ਕਿ ਝੂਠਾ ਕੇਸ ਮੜ੍ਹਨ ਵਾਲੇ ਦਰੋਗੇ ਤੇ ਦੋ ਸਿਪਾਹੀਆਂ ਵਿਰੁੱਧ ਮੁਕੱਦਮਾ ਦਰਜ ਕੀਤਾ ਜਾਵੇ।

ਮਿਰਜ਼ਾਪੁਰ ਜ਼ਿਲ੍ਹੇ ਦੇ ਇਮਾਮਬਾੜਾ ਨਿਵਾਸੀ ਆਟੋ ਚਾਲਕ 20 ਸਾਲਾ ਸੁਲੇਮਾਨ ਨੂੰ ਪੁਲਸ ਨੇ 29 ਜੂਨ 2021 ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ਉੱਤੇ ਨਸ਼ਾ ਪਾਊਡਰ ਰੱਖਣ ਦਾ ਦੋਸ਼ ਲਾ ਕੇ ਕੇਸ ਦਾਇਰ ਕਰ ਦਿੱਤਾ ਗਿਆ ਤੇ ਅਦਾਲਤ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ।

ਸੁਲੇਮਾਨ ਦੀ ਮਾਂ ਲੋਕਾਂ ਦੇ ਘਰਾਂ ਵਿੱਚ ਭਾਂਡੇ ਮਾਂਜ ਕੇ ਗੁਜ਼ਾਰਾ ਕਰਦੀ ਸੀ। ਪੁੱਤ ਨੂੰ ਜ਼ਮਾਨਤ ਉੱਤੇ ਛੁਡਾਉਣ ਲਈ ਕੋਈ ਪੈਸਾ ਨਹੀਂ ਸੀ। ਇੱਕ ਕਮਰੇ ਦੇ ਮਕਾਨ ਵਿੱਚ ਸਾਰਾ ਪਰਵਾਰ ਹੇਠਾਂ ਚਾਦਰ ਵਿਛਾ ਕੇ ਸੌਂਦਾ ਸੀ। ਘਰ ਵਿੱਚ ਨਾ ਬਿਜਲੀ, ਨਾ ਗੈਸ ਸਲੰਡਰ ਤੇ ਨਾ ਕੋਈ ਰਾਸ਼ਨ ਕਾਰਡ ਹੈ। ਸੁਲੇਮਾਨ ਦੀ ਮਾਂ ਨੇ ਕਿਸੇ ਤੋਂ 25 ਹਜ਼ਾਰ ਰੁਪਏ ਕਰਜ਼ ਲੈ ਕੇ ਉਸ ਦੀ ਜ਼ਮਾਨਤ ਕਰਵਾਈ।

6 ਮਹੀਨੇ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਸੁਲੇਮਾਨ ਬਾਹਰ ਆ ਕੇ ਫਿਰ ਆਟੋ ਚਲਾਉਣ ਲੱਗ ਪਿਆ। ਇੱਕ ਦਿਨ ਫਿਰ ਪੁਲਸ ਵਾਲੇ ਆਏ ਤੇ ਸੁਲੇਮਾਨ ਨੂੰ ਲੈ ਗਏ। ਬਾਅਦ ਵਿੱਚ ਪਤਾ ਲੱਗਾ ਕਿ ਉਹ ਪੇਸ਼ੀ ਉਤੇ ਪੇਸ਼ ਨਹੀਂ ਸੀ ਹੋ ਸਕਿਆ। ਪੁਲਸ ਨੇ ਚਲਾਨ ਪੇਸ਼ ਕਰਕੇ ਮੁੜ ਉਸ ਨੂੰ ਜੇਲ੍ਹ ਭੇਜ ਦਿੱਤਾ। ਸੁਲੇਮਾਨ ਫਿਰ ਚਾਰ ਮਹੀਨੇ ਜੇਲ੍ਹ ਵਿੱਚ ਰਿਹਾ। ਆਖਰ 21 ਦਸੰਬਰ ਨੂੰ ਐਫ ਟੀ ਸੀ ਸੈਸ਼ਨ ਜੱਜ ਵਾਯੂਨੰਦਨ ਮਿਸ਼ਰਾ ਨੇ ਫੈਸਲਾ ਸੁਣਾਉਂਦਿਆਂ ਸੁਲੇਮਾਨ ਨੂੰ ਦੋਸ਼ਮੁਕਤ ਕਰ ਦਿੱਤਾ ਸੀ, ਕਿਉਂਕਿ ਪੁਲਸ ਅਦਾਲਤ ਵਿੱਚ ਸੁਲੇਮਾਨ ਵਿਰੁੱਧ ਕੋਈ ਸਬੂਤ ਪੇਸ਼ ਨਾ ਕਰ ਸਕੀ।

ਇਸ ਮੁਕੱਦਮੇ ਵਿੱਚ ਜੱਜ ਨੇ ਸਬ ਇੰਸਪੈਕਟਰ ਹਰੀਕੇਸ਼ ਰਾਮ ਅਜ਼ਾਦ, ਹੈੱਡ ਕਾਂਸਟੇਬਲ ਸ਼ੌਕਤ ਅਲੀ ਤੇ ਕਾਂਸਟੇਬਲ ਪੰਕਜ ਦੂਬੇ ਵਿਰੁੱਧ ਮੁਕੱਦਮਾ ਦਰਜ ਕਰਨਾ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਇਨ੍ਹਾਂ ਮੁਲਾਜ਼ਮਾਂ ਵਿਰੁੱਧ ਵਿਭਾਗੀ ਕਾਰਵਾਈ ਕਰਕੇ ਇੱਕ ਮਹੀਨੇ ਅੰਦਰ ਅਦਾਲਤ ਨੂੰ ਜਾਣੂੰ ਕਰਾਉਣ ਲਈ ਕਿਹਾ ਹੈ। ਜੱਜ ਨੇ ਇਸ ਦੇ ਨਾਲ ਹੀ ਉੱਤਰ ਪ੍ਰਦੇਸ਼ ਪ੍ਰਸ਼ਾਸਨ ਨੂੰ ਇੱਕ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਸਮੇਂ ਸੂਬੇ ਦੇ ਨਾਗਰਿਕਾਂ ਦੇ ਮੂਲ ਅਧਿਕਾਰਾਂ ਦੀ ਗੰਭੀਰ ਉਲੰਘਣਾ ਹੋ ਰਹੀ ਹੈ। ਕਾਨੂੰਨ ਦੇ ਰਾਜ ਨੂੰ ਪੁਲਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਪੁਲਸ ਅਧਿਕਾਰੀਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਅਜਿਹੀਆਂ ਕਾਰਵਾਈਆਂ ਰੁਕਣ ਦਾ ਨਾਂਅ ਨਹੀਂ ਲੈ ਰਹੀਆਂ।

-ਚੰਦ ਫਤਿਹਪੁਰੀ

ਪਾਠਕ-ਸੱਥ

ਕਮਿਸ਼ਨ ਖਾਣ ਵਾਲੇ ਦੈਂਤ

ਸਮਾਜ ਵਿੱਚ ਰਹਿਣ ਵਾਲੇ ਬਹੁਤ ਸਾਰੇ ਲੋਕ ਇਸ ਗੱਲੋਂ ਦੁਖੀ ਹਨ ਕਿ ਮੁਲਖ ਦਾ ਸੁਧਾਰ ਨਹੀਂ ਹੋ ਰਿਹਾ। ਪਰ ਬੜੇ ਹੀ ਅਫਸੋਸ/ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਹਰ ਕੋਈ ਖੁਦ ਤੋਂ ਸੁਧਾਰ ਨਹੀਂ ਕਰਦਾ। ਆਪਣੇ ਆਪ ਨੂੰ ਧਰਮੀ ਤੇ ਭੱਦਰ ਪੁਰਸ਼ ਅਖਵਾਉਣ ਵਾਲੇ ਅਨੇਕਾਂ ਲੋਕ ਆਪੋ ਆਪਣੇ ਕਿੱਤੇ ਮੁਤਾਬਕ ਵੱਡੇ ਪੱਧਰ 'ਤੇ ਕਮਿਸ਼ਨ ਲੈਣ/ਦੇਣ ਕਰਕੇ ਆਪਣਾ ਧੰਦਾ ਚਲਾ ਰਹੇ ਹਨ। ਇਸ ਕਮਿਸ਼ਨ ਦੇ ਲੈਣ/ਦੇਣ ਦੇ ਕਾਲੇ ਕਾਰੋਬਾਰ ਕਰਦੇ ਹਨ। ਅੱਜਕੱਲ੍ਹ ਤਕਰੀਬਨ ਹਰ ਖੇਤਰ ਵਿੱਚ ਹੀ ਇਸ ਕਮਿਸ਼ਨ ਰੂਪੀ ਦੈਂਤ ਨੇ ਆਪਣੇ ਪੈਰ ਵਿਸਾਰ ਲਏ ਹਨ। ਪ੍ਰੰਤੂ ਇਸ ਕਮਿਸ਼ਨ ਦੀ ਚੱਕੀ ਵਿੱਚ ਆਮ ਗਰੀਬ ਤੇ ਸੱਚੇ ਸੁੱਚੇ ਲੋਕ ਹੀ ਪਿਸਦੇ ਹਨ। ਕਮਿਸ਼ਨ ਦੇਣ/ਲੈਣ ਕਰਕੇ ਇਸ ਦਾ ਬੋਝ ਆਮ ਵਿਅਕਤੀ ਉੱਪਰ ਹੀ ਪੈਂਦਾ ਹੈ। ਸਰਕਾਰ ਨੂੰ ਤੁਰੰਤ ਇਸ ਕਾਲੇ ਧੰਦੇ ਨੂੰ ਨੱਥ ਪਾਉਣੀ ਚਾਹੀਦੀ ਹੈ। ਆਮ ਲੋਕਾਂ ਨੂੰ ਵੀ ਖੁਦ ਨੈਤਿਕਤਾ ਦੇ ਅਧਾਰ 'ਤੇ ਇਹ ਕਾਲਾ ਕਾਰੋਬਾਰ ਛੱਡ ਕੇ ਅਸਲ ਤੇ ਸੱਚੇ ਧਰਮੀ ਬਣਨਾ ਚਾਹੀਦਾ ਹੈ। ਕਿਉਂਕਿ ਅਸਲ 'ਚ ਇਨਸਾਨੀਅਤ/ਮਨੁੱਖਤਾ ਦੀ ਸੇਵਾ ਹੀ ਅਸਲ ਧਰਮ ਹੈ। ਇਸੇ ਵਿੱਚ ਹੀ ਦੇਸ਼ ਦੀ ਵੱਡੀ ਭਲਾਈ ਹੈ। ਇਹ ਕਾਲਾ ਕਾਰੋਬਾਰ ਕਰਨ ਵਾਲਿਆਂ ਨੂੰ ਦੈਂਤ ਹੀ ਕਹਿਣਾ ਚਾਹੀਦਾ ਹੈ।

-ਅੰਗਰੇਜ਼ ਸਿੰਘ ਵਿੱਕੀ, 98888-70822

ਸੁਪਰੀਮ ਕੋਰਟ ਦੀ ਚਿੰਤਾ

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ ਜੋ ਦੂਜੇ ਮਨੁੱਖ ਦੇ ਵਿਵਹਾਰ, ਭਾਸ਼ਾਵਾਂ, ਸੰਸਕ੍ਰਿਤੀ ਅਤੇ ਦੈਨਿਕ ਗਤੀਵਿਧੀਆਂ ਦੁਆਰਾ ਪ੍ਰਭਾਵਿਤ ਹੁੰਦਾ ਹੈ। ਜੰਗਲਾਂ ਵਿੱਚੋਂ ਨਿਕਲ ਕੇ ਅਜੋਕੇ ਰੂਪ 'ਚ ਆਏ ਮਨੁੱਖ ਦੀਆਂ ਲੋੜਾਂ ਕੋਈ ਜ਼ਿਆਦਾ ਨਹੀਂ ਹਨ। ਅੱਜ ਮਨੁੱਖ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਹਨ ਅਤੇ ਉਸ ਤੋਂ ਬਾਅਦ ਇਸ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਸ਼ਾਮਲ ਕੀਤਾ ਗਿਆ ਹੈ। ਵਧ ਰਹੀ ਬੇਰੋਜ਼ਗਾਰੀ ਅਤੇ ਰੁਪਏ ਵਿੱਚ ਲਗਾਤਾਰ ਆ ਰਹੇ ਨਿਘਾਰ ਨੇ ਰੋਜ਼ਾਨਾ ਜ਼ਰੂਰਤ ਦੀਆਂ ਵਸਤਾਂ ਦੀਆਂ ਕੀਮਤਾਂ ਨੂੰ ਅਸਮਾਨੀ ਪਹੁੰਚਾ ਦਿੱਤਾ ਹੈ, ਜਿਸ 'ਚ ਕਰਕੇ ਆਮ ਵਿਅਕਤੀ ਆਪਣੀਆਂ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰੱਥ ਹੋ ਰਿਹਾ ਹੈ ਅਤੇ ਨਤੀਜੇ ਵਜੋਂ ਭੁੱਖਮਰੀ ਵਰਗੀ ਸਮੱਸਿਆ ਸਮਾਜ ਨੂੰ ਲਗਾਤਾਰ ਆਪਣੇ ਪੰਜੇ 'ਚ ਜਕੜ ਰਹੀ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਭੁੱਖਮਰੀ ਸੰਬੰਧੀ ਚਿੰਤਾ ਪ੍ਰਗਟ ਕਰਦੇ ਹੋਏ ਆਪਣੇ ਬਿਆਨ 'ਚ ਹਰ ਇੱਕ ਵਿਅਕਤੀ ਤੱਕ ਅੰਨ ਪਹੁੰਚਾਉਣ ਦੀ ਅਪੀਲ ਕੀਤੀ ਹੈ। ਸੁਪਰੀਮ ਕੋਰਟ ਦੀ ਇਹ ਚਿੰਤਾ ਜਾਇਜ਼ ਹੈ ਜਦੋਂ ਸਮਾਜ ਦਾ ਇੱਕ ਵਰਗ ਤਾਂ ਪੂੰਜੀ 'ਤੇ ਕਬਜ਼ਾ ਕਰਦਾ ਹੋਇਆ ਪੈਸਾ ਪਾਣੀ ਦੀ ਤਰ੍ਹਾਂ ਵਹਾਅ ਰਿਹਾ ਹੈ ਅਤੇ ਦੂਜੇ ਪਾਸੇ ਇੱਕ ਵਰਗ ਉਹ ਵੀ ਹੈ ਜੋ ਦੋ ਵਕਤ ਦੀ ਰੋਟੀ ਲਈ ਵੀ ਸੰਘਰਸ਼ ਕਰ ਰਿਹਾ ਹੈ। ਘਰ-ਘਰ ਆਟਾ ਦਾਲ ਸਕੀਮ ਅਤੇ ਗਰੀਬ ਕਲਿਆਣ ਅੰਨ ਯੋਜਨਾ ਵਰਗੀਆਂ ਸਕੀਮਾਂ ਨੇ ਭੁੱਖਮਰੀ ਘਟਾਉਣ ਦੇ ਕੁਝ ਉਪਰਾਲੇ ਜ਼ਰੂਰ ਕੀਤੇ ਹਨ ਪਰ ਉਹ ਵੀ ਭ੍ਰਿਸ਼ਟਾਚਾਰ ਦੀ ਭੇਟ ਚੜ੍ਹਦੀਆਂ ਹੋਈਆਂ ਸੰਤੁਸ਼ਟੀਜਨਕ ਨਤੀਜੇ ਲਿਆਉਣ 'ਚ ਨਾਕਾਮ ਰਹੀਆਂ ਹਨ ਅਤੇ ਜਿਸ ਦਾ ਨਤੀਜਾ ਇਹ ਹੋਇਆ ਕਿ ਗਲੋਬਲ ਹੰਗਰ ਇੰਡੈਕਸ ਦੀ ਰਿਪੋਰਟ 'ਚ 121 ਦੇਸ਼ਾਂ ਦੀ ਸੂਚੀ ਵਿੱਚੋਂ 107 ਦੇ ਸਥਾਨ 'ਤੇ ਪਹੁੰਚ ਗਿਆ ਹੈ ਜਦੋਂ ਕਿ ਉਸ ਦੇ ਗੁਆਂਢੀ ਦੇਸ਼ਾਂ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ। ਭੁੱਖਮਰੀ ਦੇ ਖਾਤਮੇ ਲਈ ਮਹਿੰਗਾਈ ਨੂੰ ਕੰਟਰੋਲ ਕਰਨ, ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰਨ ਦੇ ਨਾਲ-ਨਾਲ ਭੋਜਨ ਦੀ ਬਰਬਾਦੀ ਵੀ ਰੋਕਣੀ ਪਵੇਗੀ ਤਾਂ ਜੋ ਕੋਈ ਵੀ ਵਿਅਕਤੀ ਅੰਨ ਤੋਂ ਵਾਂਝਾ ਨਾ ਰਹਿ ਸਕੇ।

- ਰਜਵਿੰਦਰ ਪਾਲ ਸ਼ਰਮਾ, 70873-67969

ਪਾਰਟੀ ਦੇ ਸਾਹਮਣੇ ਚੁਣੌਤੀਆਂ ਅਤੇ ਕੰਮ

ਡੀ ਰਾਜਾ
ਜਨਰਲ ਸਕੱਤਰ ਸੀ ਪੀ ਆਈ

26 ਦਸੰਬਰ 1925 ਦੀ ਤਾਰੀਖ ਨਾ ਸਿਰਫ ਭਾਰਤ ਦੀ ਕਮਿਊਨਿਸਟ ਲਹਿਰ ਦੇ ਇਤਿਹਾਸ ਵਿੱਚ ਉੱਕਰੀ ਹੋਈ ਹੈ, ਸਗੋਂ ਇਹ ਬਰਤਾਨਵੀ ਬਸਤੀ ਤੋਂ ਇੱਕ ਆਜ਼ਾਦ ਰਾਸ਼ਟਰ ਅਤੇ ਇੱਕ ਲੋਕਤੰਤਰੀ ਗਣਰਾਜ ਤੱਕ ਦੀ ਸਾਡੀ ਯਾਤਰਾ ਨਾਲ ਵੀ ਜੁੜੀ ਹੋਈ ਹੈ। ਇਸ ਦਿਨ ਮਾਤ ਭੂਮੀ ਦੇ ਕੁਝ ਸਭ ਤੋਂ ਵਚਨਬੱਧ ਅਤੇ ਉਤਸ਼ਾਹੀ ਕ੍ਰਾਂਤੀਕਾਰੀ ਕਾਨਪੁਰ ਸ਼ਹਿਰ ਵਿੱਚ ਇਕੱਠੇ ਹੋਏ ਅਤੇ ਦੇਸ਼ ਵਿੱਚ ਕਮਿਊਨਿਸਟ ਲਹਿਰ ਦੀ ਇੱਕ ਮਜ਼ਬੂਤ ਨੀਂਹ ਰੱਖੀ। 1925 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਾਨਫਰੰਸ ਨੇ ਦੇਸ਼ ਭਰ ਦੇ ਵੱਖ-ਵੱਖ ਕਮਿਊਨਿਸਟ ਸਮੂਹਾਂ ਅਤੇ ਵਿਅਕਤੀਆਂ ਦੇ ਇੱਕ ਸਾਂਝੇ ਟੀਚੇ ਨਾਲ ਇਕੱਠੇ ਹੋਣ ਦੀ ਨਿਸ਼ਾਨਦੇਹੀ ਕੀਤੀ।

ਰੂਸੀ ਕ੍ਰਾਂਤੀ ਅਤੇ ਮਜ਼ਦੂਰਾਂ ਦੇ ਰਾਜ ਦੀ ਸਥਾਪਨਾ ਦੀ ਇਸ ਦੀ ਸ਼ਾਨਦਾਰ ਪ੍ਰਾਪਤੀ ਦੇ ਮੱਦੇਨਜ਼ਰ ਸੰਸਾਰ ਭਰ ਵਿੱਚ ਕਮਿਊਨਿਜ਼ਮ ਦੀ ਅਪੀਲ ਵਧ ਰਹੀ ਸੀ। ਰੂਸੀ ਕ੍ਰਾਂਤੀ ਦਾ ਭਾਰਤ ਉੱਤੇ ਕਾਫੀ ਪ੍ਰਭਾਵ ਸੀ। ਕਾਲੋਨੀਆਂ ਪ੍ਰਤੀ ਕਮਿਊਨਿਸਟ ਇੰਟਰਨੈਸ਼ਨਲ ਦੀ ਨੀਤੀ ਨੇ ਬਹੁਤ ਸਾਰੇ ਕਮਿਊਨਿਸਟਾਂ ਨੂੰ ਆਕਰਸ਼ਿਤ ਕੀਤਾ, ਜੋ ਆਪਣੇ ਦੇਸ਼ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਮੁਕਤ ਅਤੇ ਸ਼ੋਸ਼ਣ ਤੋਂ ਮੁਕਤੀ ਚਾਹੁੰਦੇ ਸਨ। ਮਾਰਕਸਵਾਦ ਦੇ ਮਹਾਨ ਦਰਸ਼ਨ, ਰੂਸੀ ਕ੍ਰਾਂਤੀ ਦੇ ਉੱਚ ਆਦਰਸ਼ਾਂ ਤੋਂ ਪ੍ਰੇਰਿਤ ਅਤੇ ਦੇਸ਼ ਵਿੱਚ ਸਮਾਜ ਸੁਧਾਰਕਾਂ ਦੇ ਸਮਾਨਤਾਵਾਦੀ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਕਮਿਊਨਿਸਟ ਪਾਰਟੀ ਛੇਤੀ ਹੀ ਰਾਸ਼ਟਰੀ ਮੁਕਤੀ ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਲਈ ਲੜਨ ਵਾਲੀ ਇੱਕ ਵੱਡੀ ਤਾਕਤ ਬਣ ਗਈ।

ਅੰਗਰੇਜ਼ ਕਮਿਊਨਿਸਟਾਂ ਵੱਲੋਂ ਉਹਨਾਂ ਨੂੰ ਦਰਪੇਸ਼ ਖਤਰੇ ਤੋਂ ਜਾਣੂ ਸਨ ਅਤੇ ਇਸੇ ਲਈ ਉਹਨਾਂ ਨੇ ਕਮਿਊਨਿਸਟ ਲਹਿਰ ਨੂੰ ਮੁੱਢ ਵਿੱਚ ਹੀ ਖਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਭਾਰਤੀ ਲੋਕਾਂ ਵਿੱਚ ਫੈਲ ਰਹੀ ਇਨਕਲਾਬੀ ਲਾਟ ਨੂੰ ਦਬਾਉਣ ਅਤੇ ਬੰਦ ਕਰਨ ਲਈ ਕਮਿਊਨਿਸਟ ਆਗੂਆਂ ਅਤੇ ਵਰਕਰਾਂ ਵਿਰੁੱਧ ਕਈ ਤਰ੍ਹਾਂ ਦੇ ਸਾਜ਼ਿਸ਼ ਦੇ ਕੇਸ ਚਲਾਏ ਗਏ, ਪਰ ਅੰਗਰੇਜ਼ ਸਾਡੇ ਪੂਰਵਜਾਂ ਦੁਆਰਾ ਦਿਖਾਏ ਗਏ ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੇ ਸਾਹਮਣੇ ਕਾਮਯਾਬ ਨਹੀਂ ਹੋ ਸਕੇ। ਕਮਿਊਨਿਸਟਾਂ ਨੇ ਬਹਾਦਰੀ ਨਾਲ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ ਅਤੇ ਦੇਸ਼ ਦੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਇਨਕਲਾਬੀ ਏਜੰਡੇ ਦੇ ਆਧਾਰ 'ਤੇ ਜਥੇਬੰਦ ਕੀਤਾ।

ਅੰਗਰੇਜ਼ਾਂ, ਜਿਮੀਂਦਾਰਾਂ ਅਤੇ ਰਾਜਿਆਂ ਦੇ ਸ਼ੋਸ਼ਣ ਅਤੇ ਵਿਤਕਰੇ ਦੇ ਖਿਲਾਫ ਲੜਦਿਆਂ ਕਮਿਊਨਿਸਟਾਂ ਦੁਆਰਾ ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਸਾਡੀ ਆਜ਼ਾਦੀ ਦੀ ਲਹਿਰ ਦੇ ਸੁਨਹਿਰੀ ਇਤਿਹਾਸ ਦਾ ਹਿੱਸਾ ਹਨ। ਆਜ਼ਾਦੀ ਦੇ ਸੰਘਰਸ਼ ਵਿੱਚ ਕਮਿਊਨਿਸਟਾਂ ਦੀ ਸ਼ਮੂਲੀਅਤ ਨੇ ਇਸ ਦੇ ਏਜੰਡੇ ਨੂੰ ਕੱਟੜਪੰਥੀ ਬਣਾ ਦਿੱਤਾ। ਕਮਿਊਨਿਸਟਾਂ ਨੇ ਦੇਸ਼ ਦੇ ਲੋਕਾਂ ਦੀਆਂ ਦੂਰਗਾਮੀ ਮੰਗਾਂ ਚੁੱਕੀਆਂ ਅਤੇ ਉਨ੍ਹਾਂ ਨੂੰ ਸਾਕਾਰ ਕੀਤਾ। ਪੂਰਨ ਆਜ਼ਾਦੀ ਦੀ ਮੰਗ ਤੋਂ ਲੈ ਕੇ ਜਿਮੀਂਦਾਰਵਾਦ ਦੇ ਖਾਤਮੇ ਤੱਕ ਕਮਿਊਨਿਸਟ ਸ਼ਮੂਲੀਅਤ ਨੇ ਭਵਿੱਖ ਦੇ ਗਣਰਾਜ ਦੇ ਏਜੰਡੇ ਨੂੰ ਵਧੇਰੇ ਸਮਾਨਤਾਵਾਦੀ ਅਤੇ ਲੋਕ-ਪੱਖੀ ਬਣਾਇਆ।

ਇਸ ਮਹਾਨ ਵਿਰਾਸਤ ਅਤੇ ਤਾਕਤ ਤੋਂ ਬਾਅਦ ਕਮਿਊਨਿਸਟ ਲਹਿਰ ਅੱਜ ਚੋਣ ਨਤੀਜਿਆਂ ਦੇ ਲਿਹਾਜ ਨਾਲ ਕਮਜ਼ੋਰ ਨਜ਼ਰ ਆ ਰਹੀ ਹੈ। ਜਦੋਂ ਸਾਡੀ ਪਾਰਟੀ ਅਤੇ ਸੰਗਠਿਤ ਕਮਿਊਨਿਸਟ ਲਹਿਰ ਦੋ ਸਾਲਾਂ ਵਿੱਚ ਆਪਣੀ ਸ਼ਤਾਬਦੀ 'ਤੇ ਪਹੁੰਚ ਰਹੀ ਹੈ, ਇਹ ਸਹੀ ਸਮਾਂ ਹੈ ਜਦੋਂ ਅਸੀਂ ਇਸ ਸਵਾਲ 'ਤੇ ਚਿੰਤਨ ਕਰੀਏ ਅਤੇ ਇੱਕ ਨਵੀਨੀਕਰਨ, ਪੁਨਰ-ਸੁਰਜੀਤੀ ਅਤੇ ਪੁਨਰ-ਸੁਰਜੀਤੀ ਸ਼ਕਤੀ ਵਜੋਂ ਮੁੜ ਉੱਭਰੀਏ।

ਚੋਣਾਂ ਵਿੱਚ ਸਾਡੀ ਅਸਫਲਤਾ ਵਾਲੇ ਕਾਰਨਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਲੋਕਾਂ ਦੇ ਸੰਬੰਧ ਵਿੱਚ ਉੱਭਰ ਰਹੇ ਮੁੱਦਿਆਂ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸਾਨੂੰ ਸਪੱਸ਼ਟ ਰਹਿਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਕਮਿਊਨਿਸਟ ਵਿਚਾਰਧਾਰਾ ਦੀ ਸਾਰਥਿਕਤਾ ਵਧ ਰਹੀ ਹੈ। ਦਹਾਕਿਆਂ ਦੀਆਂ ਨਵ-ਉਦਾਰਵਾਦੀ ਨੀਤੀਆਂ ਨੇ ਲੋਕਾਂ ਨੂੰ 'ਹੋਣ ਅਤੇ ਨਾ ਹੋਣ' 'ਚ ਤੇਜ਼ੀ ਨਾਲ ਵੰਡ ਦਿੱਤਾ ਹੈ। ਦੌਲਤ ਦਾ ਕੇਂਦਰੀਕਰਨ ਅੱਜ ਬੇਮਿਸਾਲ ਪੈਮਾਨੇ 'ਤੇ ਹੈ ਅਤੇ ਨਵ-ਉਦਾਰਵਾਦੀ ਨੀਤੀਆਂ ਵੱਲੋਂ ਪੈਦਾ ਕੀਤੀਆਂ ਚਿੰਤਾਵਾਂ ਨੇ ਪੀੜ੍ਹੀਆਂ ਨੂੰ ਘੇਰ ਲਿਆ ਹੈ। ਜਲਵਾਯੂ ਸੰਕਟ, ਕੁਦਰਤ ਦੀ ਦਵੰਦਵਾਦ ਨੂੰ ਸਮਝਣ ਵਿੱਚ ਅਸਫਲਤਾ ਦੇ ਨਾਲ, ਅਸਲ ਵਿੱਚ ਪੂੰਜੀਵਾਦ ਦਾ ਇੱਕ ਉਤਪਾਦ, ਪੂਰੀ ਦੁਨੀਆ ਦੇ ਲੋਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਲਈ ਖਤਰਾ ਪੈਦਾ ਕਰ ਰਿਹਾ ਹੈ। ਉਨ੍ਹਾਂ ਥਾਵਾਂ 'ਤੇ ਜਿੱਥੇ ਖੱਬੇਪੱਖੀਆਂ ਨੇ ਇਨ੍ਹਾਂ ਮੁੱਦਿਆਂ ਨਾਲ ਸਾਰਥਿਕ ਤੌਰ 'ਤੇ ਨਜਿੱਠਿਆ ਹੈ, ਉਨ੍ਹਾਂ ਦੇ ਸਮਰਥਨ ਦੇ ਅਧਾਰ ਤੇਜ਼ੀ ਨਾਲ ਵਧੇ ਹਨ,

28-DEC-PAGE-5.qxd 12/27/2022 10:20 PM Page 1

ਪ ਸ ਸ ਫ ਵੱਲੋਂ 29 ਜਨਵਰੀ ਨੂੰ ਸੰਗਰੂਰ 'ਚ ਸੂਬਾਈ ਰੋਸ ਰੈਲੀ ਤੇ ਮੁਜ਼ਾਹਰਾ ਕਰਨ ਦਾ ਐਲਾਨ

ਰੈਲੀ ਦੀ ਤਿਆਰੀ ਲਈ 7 ਜਨਵਰੀ ਤੋਂ ਸਾਰੇ ਜ਼ਿਲ੍ਹਿਆਂ 'ਚ ਮੀਟਿੰਗਾਂ ਕਰਨ ਦਾ ਫੈਸਲਾ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)-ਪੰਜਾਬ ਸੂਬਾਰਡੀਨੇਟ ਸਰਵਸਿਜ਼ ਫ਼ੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ ਇੱਥੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਫੈਡਰੇਸ਼ਨ ਦੇ ਸੂਬਾਈ ਸਰਪ੍ਰਸਤ ਚਰਨ ਸਿੰਘ ਸਰਾਭਾ ਤੇ ਸੂਬਾਈ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਸੂਬਾਈ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਦੱਸਿਆ ਕਿ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਗੁਰਪ੍ਰੀਤ ਸਿੰਘ ਮੰਗਵਾਲ ਤੇ ਗੁਰਮੇਲ ਸਿੰਘ ਮੈਲਡੇ, ਵਿੱਤ ਸਕੱਤਰ ਮਨਜੀਤ ਸਿੰਘ ਗਿੱਲ, ਪ੍ਰਵੀਨ ਕੁਮਾਰ ਲੁਧਿਆਣਾ, ਪਾਵਰਕੌਮ ਤੇ ਟ੍ਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਅਮਰੀਕ ਸਿੰਘ ਮਸੀਤਾਂ ਤੇ ਵੇਦ ਪ੍ਰਕਾਸ਼ ਜਲੰਧਰ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਪੰਜਾਬ ਦੀਆਂ ਪਿਛਲੀਆਂ ਹੁਕਮਰਾਨ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਪਾਰਟੀ ਦੇ ਕਾਰਜਕਾਲ ਦੌਰਾਨ ਆਰਥਿਕ ਸ਼ੋਸ਼ਣ ਦਾ ਸ਼ਿਕਾਰ ਆਸ਼ਾ ਵਰਕਰਾਂ, ਆਸ਼ਾ ਫੈਸੀਲੇਟਰਾਂ, ਮਿੱਡ ਡੇ ਮੀਲ ਵਰਕਰਾਂ, ਆਂਗਣਵਾੜੀ ਵਰਕਰਾਂ, ਹੈਲਪਰਾਂ, ਵੱਖ ਵੱਖ ਵਿਭਾਗਾਂ ਤੇ ਬੋਰਡਾਂ ਵਿੱਚ ਕੰਪਨੀਆਂ ਵੱਲੋਂ ਭਰਤੀ ਕੀਤੇ ਗਏ ਆਊਟਸੋਰਸਿੰਗ ਮੁਲਾਜ਼ਮਾਂ ਦੀ ਕੀਤੀ ਜਾ ਰਹੀ ਆਰਥਿਕ ਲੁੱਟ ਬੰਦ ਕਰਵਾ ਕੇ ਮਸਲੇ ਦਾ ਪੱਕਾ ਹੱਲ ਕਰਨ, ਸਮੂਹ ਕੱਚੇ ਤੇ ਠੇਕਾ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਸਕੀਮ ਦਾ ਹੂਬਹੂ ਨੋਟੀਫਿਕੇਸ਼ਨ ਜਾਰੀ ਕਰਨ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਮੁੱਖ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ। ਆਗੂਆਂ ਨੇ ਅਫਸੋਸ ਪ੍ਰਗਟ ਕੀਤਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਆਪਣੇ 9 ਮਹੀਨਿਆਂ ਦੇ ਕਾਰਜਕਾਲ ਦੌਰਾਨ ਪਿਛਲੀਆਂ ਰਵਾਇਤੀ ਪਾਰਟੀਆਂ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਬੜੀ ਤੇਜ਼ੀ ਨਾਲ ਅੱਗੇ ਵਧਾ ਰਹੀ ਹੈ ਤੇ ਕਾਰਪੋਰੇਟ ਸੈਕਟਰ ਦੇ ਹੱਥਾਂ ਵਿੱਚ ਕਠਪੁਤਲੀ ਵਾਂਗ ਖੇਡ ਰਹੀ ਹੈ।

ਆਗੂਆਂ ਨੇ ਕਿਹਾ ਕਿ ਡੀ. ਏ. ਦਾ ਬਕਾਇਆ ਤੇ ਮਾਨਯੋਗ ਹਾਈਕੋਰਟ ਵੱਲੋਂ ਜੁਲਾਈ 2015 ਤੋਂ 119% ਡੀ ਏ ਦਾ ਫੈਸਲਾ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਜਨਰਲਾਈਜ਼ ਨਹੀਂ ਕੀਤਾ ਜਾ ਰਿਹਾ। ਫੈਸਲਾ ਕੀਤਾ ਗਿਆ ਕਿ ਫੈਡਰੇਸ਼ਨ ਵੱਲੋਂ 7 ਜਨਵਰੀ 2023 ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ 'ਚ ਕੀਤੀ ਜਾਣ ਵਾਲੀ ਸੂਬਾਈ ਰੈਲੀ ਪੰਜਾਬ 'ਚ ਪੈ ਰਹੀ ਸੰਘਣੀ ਧੁੰਦ ਤੇ ਖਰਾਬ ਮੌਸਮ ਨੂੰ ਵੇਖਦੇ ਹੋਏ ਤਬਦੀਲੀ ਕਰਕੇ ਅਗਲੀ ਸੂਬਾਈ ਰੈਲੀ ਮਾਨ ਸਰਕਾਰ ਨੂੰ ਜਗਾਉਣ ਲਈ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਸ਼ਹਿਰ 29 ਜਨਵਰੀ ਨੂੰ ਸੰਗਰੂਰ ਵਿਖੇ ਕਰਨ ਦਾ ਫੈਸਲਾ ਕੀਤਾ ਗਿਆ। ਇਸ ਰੈਲੀ ਦੀ ਤਿਆਰੀ ਲਈ 7 ਜਨਵਰੀ ਤੋਂ 21 ਜਨਵਰੀ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਮੁਲਾਜ਼ਮ/ਮਜ਼ਦੂਰ ਆਗੂਆਂ ਸਾਥੀ ਗੁਰਮੇਲ ਸਿੰਘ ਧਾਲੀਵਾਲ, ਕਾ. ਰੂਪ ਸਿੰਘ ਰੂਪਾ, ਕਾ. ਸੰਤੋਖ ਸਿੰਘ ਸੰਘੇੜਾ ਤੇ ਹਰੀ ਬਹਾਦਰ ਮੋਗਾ ਦੀ ਧਰਮ ਪਤਨੀ ਨੂੰ 2 ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੇ ਸਰਵਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਫਿਰੋਜ਼ਪੁਰ ਪੁਲਸ ਵੱਲੋਂ ਝੂਠੀ ਸ਼ਿਕਾਇਤ ਦੇ ਅਧਾਰਤ ਫੈਡਰੇਸ਼ਨ ਆਗੂਆਂ ਰਾਮ ਪ੍ਰਸਾਦ ਤੇ ਨਰਿੰਦਰ ਸ਼ਰਮਾ 'ਤੇ ਕੇਸ ਦਰਜ ਕਰਨ ਦੀ ਸਖਤ ਨਿੰਦਾ ਕੀਤੀ 'ਤੇ ਪਰਚਾ ਰੱਦ ਕਰਨ ਦੀ ਮੰਗ ਕੀਤੀ ਗਈ। ਇਸ ਮੀਟਿੰਗ 'ਚ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਚੰਦਨ ਸਿੰਘ ਚੰਡੀਗੜ੍ਹ, ਰਮੇਸ਼ ਕੁਮਾਰ ਬਰਨਾਲਾ, ਹਰਵਿੰਦਰ ਸ਼ਰਮਾ ਫਰੀਦਕੋਟ, ਸੁਰਿੰਦਰ ਸਿੰਘ ਬੈਂਸ, ਅਮਰਜੀਤ ਸਿੰਘ ਲੁਧਿਆਣਾ, ਕੁਲਦੀਪ ਸਿੰਘ ਸਹਿਦੇਵ, ਪਰਮਿੰਦਰ ਸਿੰਘ ਸੋਢੀ, ਸੁਖਜਿੰਦਰ ਸਿੰਘ ਖਾਨਪੁਰ, ਪਰਮਿੰਦਰਪਾਲ ਸਿੰਘ ਕਾਲੀਆ, ਸੁਭਾਸ਼ ਮੱਟੂ, ਜਸਪਾਲ ਸੰਧੂ ਜਲੰਧਰ, ਸੁਖਜਿੰਦਰ ਸਿੰਘ ਫਾਜ਼ਿਲਕਾ, ਸੰਜੀਵ ਕੁਮਾਰ ਬਠਿੰਡਾ, ਰਾਕੇਸ਼ ਧਵਨ ਅਮ੍ਰਿਤਸਰ, ਅਮਨਦੀਪ ਬੁਢਲਾਡਾ, ਜ਼ੋਰਾ ਸਿੰਘ ਬੱਸੀਆਂ, ਉਧੇ ਭਾਨ ਮਲੋਟ ਆਦਿ ਸ਼ਾਮਲ ਸਨ।

ਇੰਟਕ ਮੋਗਾ ਨੇ ਕਾਂਗਰਸ ਨੂੰ ਛੱਡ ਭਾਰਤੀਆ ਮਜ਼ਦੂਰ ਸੰਘ ਦਾ ਫੜਿਆ ਪੱਲਾ

ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਅਣਥੱਕ ਕੰਮ ਕਰਨ ਵਾਲੇ ਵਰਕਰ ਦਿਖਾਈ ਨਹੀਂ ਦਿੰਦੇ : ਵਿਜੇ ਧੀਰ

ਭਾਰਤੀਆ ਮਜ਼ਦੂਰ ਸੰਘ ਵਿੱਚ ਸ਼ਾਮਲ ਹੋਣ ਤੋਂ ਬਾਅਦ 54 ਟਰੇਡ ਯੂਨੀਅਨਾਂ ਦੇ ਪ੍ਰਧਾਨਾਂ ਸਮੇਤ ਉੱਤਰੀ ਭਾਰਤ ਦੇ ਸੰਗਠਨ ਮੰਤਰੀ ਪਵਨ ਕੁਮਾਰ ਦੇ ਨਾਲ ਐਡਵੋਕੇਟ ਵਿਜੇ ਧੀਰ।

ਮੋਗਾ (ਅਮਰਜੀਤ ਬੱਬਰੀ)-ਮੋਗਾ ਜ਼ਿਲ੍ਹਾ ਦੀ ਕਾਂਗਰਸ ਪਾਰਟੀ ਤੇ ਪੰਜਾਬ ਇੰਟਕ ਲਈ ਅੱਜ ਦਾ ਦਿਨ ਬਹੁਤ ਹੀ ਨਿਰਾਸ਼ਾ ਤੇ ਮਾਯੂਸੀ ਭਰਿਆ ਰਿਹਾ, ਜਦੋਂ ਟਕਸਾਲੀ ਕਾਂਗਰਸੀ ਤੇ ਮਾਲਵੇ ਦੇ ਉੱਘੇ ਮਜਦੂਰ ਆਗੂ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਆਪਣੇ ਸੀਨੀਅਰ ਸਾਥੀਆਂ ਪ੍ਰਦੇਸ ਇੰਟਕ ਜਨਰਲ ਸਕੱਤਰ ਤੇ ਰਾਸ਼ਟਰੀ ਕਾਰਜਕਾਰਨੀ ਦੇ ਸਪੈਸ਼ਲ ਇਨਵਾਇਟੀ ਮੈਂਬਰ ਦਵਿੰਦਰ ਸਿੰਘ ਜੌੜਾ, ਪ੍ਰਦੇਸ ਯੂਥ ਇੰਟਕ ਜਨਰਲ ਸਕੱਤਰ ਤੇ ਰਾਸ਼ਟਰੀ ਯੂਥ ਇੰਟਕ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ, ਪੱਲੇਦਾਰ ਮਜ਼ਦੂਰਾਂ ਦੇ ਪ੍ਰਦੇਸ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ 45 ਟਰੇਡ ਯੂਨੀਅਨਾਂ ਤੇ ਹਜ਼ਾਰਾਂ ਵਰਕਰਾਂ ਨਾਲ ਇਥੇ ਨੇਚਰ ਪਾਰਕ ਵਿੱਚ ਇੰਟਕ ਤੇ ਕਾਂਗਰਸ ਪਾਰਟੀ ਨੂੰ ਗੁੱਡ ਬਾਏ ਕਹਿ ਕੇ ਭਾਰਤੀਆ ਮਜ਼ਦੂਰ ਸੰਘ ਦੇ ਉੱਤਰੀ ਭਾਰਤ ਦੇ ਸੰਗਠਨ ਮੰਤਰੀ ਪਵਨ ਕੁਮਾਰ ਤੇ ਪ੍ਰਦੇਸ ਪ੍ਰਧਾਨ ਠਾਕੁਰ ਗੁਰਮੇਜ ਸਿੰਘ ਦੀ ਹਾਜ਼ਰੀ ਵਿੱਚ ਭਾਰਤੀਆ ਮਜ਼ਦੂਰ ਸੰਘ ਵਿੱਚ ਸ਼ਾਮਲ ਹੋ ਗਏ। ਭਾਰਤੀਆ ਮਜਦੂਰ ਸੰਘ ਦੇ ਉੱਤਰੀ ਭਾਰਤ ਦੇ ਸੰਗਠਨ ਮੰਤਰੀ ਪਵਨ ਕੁਮਾਰ ਤੇ ਪ੍ਰਦੇਸ ਪ੍ਰਧਾਨ ਠਾਕੁਰ ਗੁਰਮੇਜ ਸਿੰਘ ਨੇ ਜ਼ਿਲ੍ਹਾ ਇੰਟਕ ਪ੍ਰਧਾਨ ਵਿਜੇ ਧੀਰ ਐਡਵੋਕੇਟ, ਦਵਿੰਦਰ ਸਿੰਘ ਜੋੜਾ, ਪ੍ਰਵੀਨ ਕੁਮਾਰ ਸ਼ਰਮਾ, ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ ਤੇ ਕਰਮ ਚੰਦ ਚੰਡਾਲੀਆ, ਸਾਬਕਾ ਮੀਤ ਪ੍ਰਧਾਨ ਹਰਦੀਪ ਸਿੰਘ ਫੌਜੀ ਤੇ 54 ਟਰੇਡ ਯੂਨੀਅਨਾਂ ਦੇ ਪ੍ਰਧਾਨਾਂ ਨੂੰ ਸਿਰੋਪਾਓ ਪਹਿਨਾ ਕੇ ਭਾਰਤੀਆ ਮਜ਼ਦੂਰ ਸੰਘ ਵਿੱਚ ਸ਼ਾਮਲ ਕੀਤਾ। ਇਸ ਮੌਕੇ ਭਾਰਤੀਆ ਮਜ਼ਦੂਰ ਸੰਘ 'ਚ ਸ਼ਾਮਲ ਹੋਣ ਉਪਰੰਤ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਉਹ 1985 ਵਿੱਚ ਭਾਰਤੀਆ ਮਜ਼ਦੂਰ ਸੰਘ ਤੇ ਭਾਜਪਾ ਛੱਡ ਕੇ ਉਸ ਸਮੇਂ ਦੀ ਬੁਲੰਦ ਆਵਾਜ਼ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦੀ ਪ੍ਰੇਰਣਾ ਤੇ ਕਾਂਗਰਸ ਪਾਰਟੀ 'ਚ ਸ਼ਾਮਲ ਹੋਏ ਸਨ। ਧੀਰ ਨੇ ਕਿਹਾ ਕਿ ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਨੇ 37 ਸਾਲ ਅੱਖਾਂ 'ਤੇ ਪੱਟੀ ਬੰਨ੍ਹ ਕੇ ਕੋਹਲੂ ਦੇ ਬੈਲ ਵਾਂਗ ਇੰਟਕ ਦੇ ਪਲੇਟਫਾਰਮ 'ਤੇ ਕਾਂਗਰਸ ਪਾਰਟੀ ਦੀ ਅਣਥੱਕ ਸੇਵਾ ਕੀਤੀ, ਪ੍ਰੰਤੂ ਕਾਂਗਰਸ ਪਾਰਟੀ ਨੇ ਇਨ੍ਹਾਂ 37 ਸਾਲਾਂ ਵਿੱਚ ਸਾਨੂੰ ਨਮਸਤੇ ਤੱਕ ਨਹੀਂ ਮਾਰੀ। ਬਤੌਰ ਜ਼ਿਲ੍ਹਾ ਕਾਂਗਰਸ ਪ੍ਰਧਾਨ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਦੇ ਸਪੁੱਤਰ ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਤੇ ਪੋਤਰੇ ਧਰਮਪਾਲ ਸਿੰਘ ਐਡਵੋਕੇਟ ਨੇ ਸਾਡੀ ਕਦਰ ਜ਼ਰੂਰ ਕੀਤੀ ਸੀ, ਜਿਸ ਲਈ ਅਸੀਂ ਇਸ ਪਰਵਾਰ ਦੇ ਅਭਾਰੀ ਰਹਾਂਗੇ। ਧੀਰ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਤ੍ਰਾਸਦੀ ਹੈ ਕਿ ਉਸ ਨੂੰ ਕਾਲਾ ਮੋਤੀਆ ਉੱਤਰਿਆ ਹੋਇਆ ਹੈ, ਕਾਂਗਰਸ ਨੂੰ ਜਨਤਕ ਅਧਾਰ ਵਾਲੇ, ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਅਣਥੱਕ ਤੇ ਨਿਰਸਵਾਰਥ ਵਰਕਰ ਦਿਖਾਈ ਨਹੀਂ ਦਿੰਦੇ ਹਨ।

ਇਸ ਮੌਕੇ ਉਤਰੀ ਭਾਰਤ ਦੇ ਸੰਗਠਨ ਮੰਤਰੀ ਪਵਨ ਕੁਮਾਰ ਨੇ ਕਿਹਾ ਕਿ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਇੰਟਕ ਤੇ ਕਾਂਗਰਸ ਪਾਰਟੀ ਕੋਲ ਇੱਕ ਲਾਜਵਾਬ ਹੀਰਾ ਸੀ, ਜਿਹੜਾ ਪਾਰਟੀ ਨੇ ਅੱਜ ਗਵਾ ਦਿੱਤਾ, ਭਾਰਤੀਆ ਮਜ਼ਦੂਰ ਸੰਘ ਇਸ ਹੀਰੇ ਨੂੰ ਸੰਭਾਲ ਕੇ ਵੀ ਰੱਖੇਗੀ ਤੇ ਇਸ ਦਾ ਮੁੱਲ ਵੀ ਪਾਏਗੀ। ਭਾਰਤੀਆ ਮਜ਼ਦੂਰ ਸੰਘ ਦੇ ਪ੍ਰਦੇਸ ਪ੍ਰਧਾਨ ਠਾਕੁਰ ਗੁਰਮੇਜ ਸਿੰਘ ਨੇ ਇਸ ਮੌਕੇ ਕਿਹਾ ਕਿ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੀ ਅਗਵਾਈ ਵਿੱਚ 54 ਟਰੇਡ ਯੂਨੀਅਨਾਂ ਸਮੇਤ ਹਜ਼ਾਰਾਂ ਵਰਕਰਾਂ ਦੇ ਭਾਰਤੀਆ ਮਜ਼ਦੂਰ ਸੰਘ 'ਚ ਸ਼ਾਮਲ ਹੋਣ ਨਾਲ ਮਾਲਵਾ ਖੇਤਰ ਵਿੱਚ ਭਾਰਤੀਯ ਮਜ਼ਦੂਰ ਸੰਘ ਨੂੰ ਅੱਜ ਜ਼ਬਰਦਸਤ ਹੁਲਾਰਾ ਮਿਲਿਆ ਹੈ।

ਇਸ ਮੌਕੇ ਵਿਜੇ ਧੀਰ ਨੇ ਇੰਟਕ ਛੱਡ ਕੇ ਭਾਰਤੀਆ ਮਜ਼ਦੂਰ ਸੰਘ 'ਚ ਸ਼ਾਮਲ ਹੋਣ ਵਾਲੀਆਂ 54 ਟਰੇਡ ਯੂਨੀਅਨਾਂ ਦੀ ਲਿਸਟ ਭਾਰਤੀਆ ਮਜ਼ਦੂਰ ਸੰਘ ਦੇ ਉੱਤਰੀ ਭਾਰਤ ਦੇ ਸੰਗਠਨ ਮੰਤਰੀ ਪਵਨ ਕੁਮਾਰ ਤੇ ਪ੍ਰਦੇਸ ਪ੍ਰਧਾਨ ਠਾਕੁਰ ਗੁਰਮੇਜ ਸਿੰਘ ਨੂੰ ਸੌਂਪੀ।

ਕਾਤਰਾਂ

ਗੁਰਮਤਿ ਸਾਹਿਤ ਪੁਸਤਕ ਮੇਲੇ ਨੂੰ ਮਿਲਿਆ ਭਰਵਾਂ ਹੁੰਗਾਰਾ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਲਾਏ ਗਏ ਗੁਰਮਤਿ, ਗੁਰ ਇਤਿਹਾਸ ਅਤੇ ਸਿੱਖ ਸਾਹਿਤ ਪੁਸਤਕ ਮੇਲੇ ਦੀ ਸ਼ੁਰੂਆਤ 'ਤਾਰਿਆਂ ਦੇ ਦੇਸ' ਕਾਵਿ ਰਚਨਾ ਦੇ ਸੰਗਤ ਅਰਪਣ ਨਾਲ ਹੋਈ। ਧਰਮ ਅਧਿਐਨ ਵਿਭਾਗ ਦੇ ਡਾ. ਹਰਦੇਵ ਸਿੰਘ ਦੀ ਇਸ ਕਾਵਿ ਰਚਨਾ ਨੂੰ ਵਾਈਸ ਚਾਂਸਲਰ, ਪ੍ਰੋ. ਪ੍ਰਿਤਪਾਲ ਸਿੰਘ ਅਤੇ ਪ੍ਰੋਫੈਸਰ ਹਰਪਾਲ ਸਿੰਘ ਪੰਨੂ, ਚੇਅਰਪਰਸਨ ਕੇਂਦਰੀ ਯੂਨੀਵਰਸਿਟੀ ਪੰਜਾਬ, ਬਠਿੰਡਾ ਵੱਲੋਂ ਸੰਗਤ ਅਰਪਣ ਕੀਤਾ ਗਿਆ। ਇਸ ਮੌਕੇ ਵਾਈਸ-ਚਾਂਸਲਰ ਵੱਲੋਂ ਸ਼ਹੀਦੀ ਸਭਾ ਨੂੰ ਸਮਰਪਤ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਪੁਸਤਕ ਮੇਲੇ ਵਿੱਚ ਤੀਹ ਪ੍ਰਕਾਸ਼ਕ ਤੇ ਪੁਸਤਕ ਵਿਕਰੇਤਾ ਸ਼ਾਮਲ ਹੋਏ ਹਨ। ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਗੁਰਮਤਿ ਸਿਧਾਂਤ, ਇਤਿਹਾਸ ਅਤੇ ਸਿੱਖ-ਸਾਹਿਤ ਨਾਲ ਜੋੜਨਾ ਸਮੇਂ ਦੀ ਲੋੜ ਹੈ। ਵਾਈਸ-ਚਾਂਸਲਰ ਨੇ ਇਸ ਪੁਸਤਕ ਮੇਲੇ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ 'ਤੇ ਤਸੱਲੀ ਪ੍ਰਗਟ ਕੀਤੀ। ਪ੍ਰੋ. ਹਰਪਾਲ ਸਿੰਘ ਪੰਨੂ ਨੇ ਦਸਿਆ ਕਿ 'ਤਾਰਿਆਂ ਦੇ ਦੇਸ' ਸਿੱਖ ਪ੍ਰੰਪਰਾ ਵਾਲੀ ਕਵਿਤਾ ਹੈ। ਉਨ੍ਹਾਂ ਨੇ ਪੁਸਤਕ ਮੇਲੇ ਸਮੇਤ ਫਿਜ਼ਿਓਥਰੈਪੀ, ਦਸਤਾਰ ਸਿਖਲਾਈ ਤੇ ਕੈਂਸਰ ਜਾਂਚ ਕੈਂਪ ਦੀ ਸ਼ਲਾਘਾ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀਨ ਅਕਾਦਮਿਕ ਮਾਮਲੇ, ਸੁਖਵਿੰਦਰ ਸਿੰਘ ਬਿਲਿੰਗ, ਡਿਪਟੀ ਰਜਿਸਟਰਾਰ ਜਗਜੀਤ ਸਿੰਘ, ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਤੇ ਬਿਬੇਕ ਪ੍ਰਕਾਸ਼ਨ ਦੇ ਨੁਮਾਇੰਦੇ ਪਰਮਜੀਤ ਸਿੰਘ ਤੇ ਰਣਜੀਤ ਸਿੰਘ ਹਾਜ਼ਰ ਸਨ।

ਕ੍ਰਿਸ਼ ਤਿਵਾੜੀ ਸਟੇਟ ਪਦਯਾਤਰੀ ਕਮੇਟੀ ਦੇ ਮੈਂਬਰ ਨਿਯੁਕਤ

ਕੋਟ ਈਸੇ ਖਾਂ (ਅਰੋੜਾ)-ਕਾਂਗਰਸ ਪਾਰਟੀ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਭਾਰਤ ਜੋੜੋ ਪੈਦਲ ਯਾਤਰਾ ਕੱਢੀ ਜਾ ਰਹੀ ਹੈ, ਜਿਸ ਦਾ ਪੰਜਾਬ ਵਿੱਚ ਸਵਾਗਤ ਕਰਨ ਲਈ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਬਣਾਈ ਗਈ ਸਟੇਟ ਪਦਯਾਤਰੀ ਕੋਆਰਡੀਨੇਸ਼ਨ ਕਮੇਟੀ ਗਠਿਤ ਕੀਤੀ ਗਈ ਹੈ, ਜਿਸ ਵਿੱਚ ਪੀ.ਸੀ.ਸੀ. ਦੇ ਮੈਂਬਰ ਕ੍ਰਿਸ਼ ਤਿਵਾੜੀ ਨੂੰ ਇਸ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ। ਕ੍ਰਿਸ਼ਨ ਤਿਵਾੜੀ ਨੇ ਕਿਹਾ ਕਿ ਉਹ ਕਾਂਗਰਸ ਸੂਬਾ ਪ੍ਰਧਾਨ ਰਾਜਾ ਵੜਿੰਗ ਤੇ ਸਮੁੱਚੀ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਇਹ ਜ਼ਿੰਮੇਵਾਰੀ ਸੌਂਪੀ ਹੈ। ਤਿਵਾੜੀ ਨੇ ਕਿਹਾ ਕਿ ਪਾਰਟੀ ਵੱਲੋਂ ਜੋ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪੀ ਹੈ, ਉਹ ਉਸ 'ਤੇ ਖਰਾ ਉਤਰਨਗੇ ਅਤੇ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਅਤੇ ਸਮਰਥਕਾਂ ਨਾਲ ਇਸ ਯਾਤਰਾ ਵਿੱਚ ਹਿੱਸਾ ਲੈਣਗੇ। ਉਨ੍ਹਾਂ ਕਿਹਾ ਕਿ ਇਸ ਯਾਤਰਾ ਨੂੰ ਲੈ ਕੇ ਪੰਜਾਬ ਦੇ ਯੂਥ ਤੇ ਕਾਂਗਰਸੀ ਸਮਰਥਕਾਂ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ

page-6-28-(DEC)-2022-G-(BV).qxd 12/27/2022 10:26 PM Page 1

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਵਿਸ਼ਾਲ ਨਗਰ ਕੀਰਤਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)–ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕਰਨ ਦੀ ਸੇਵਾ ਵੀ ਨਿਭਾਈ। ਨਗਰ ਕੀਰਤਨ ਦੌਰਾਨ ਬੈਂਡ ਅਤੇ ਗਤਕਾ ਪਾਰਟੀਆਂ ਨੇ ਹਾਜ਼ਰੀ ਭਰੀ ਅਤੇ ਸ਼ਬਦੀ ਜਥਿਆਂ ਨੇ ਗੁਰੂ ਸਾਹਿਬ ਦੀ ਉਸਤਤ ਵਿਚ ਗੁਰੂ ਜਸ ਗਾਇਨ ਕੀਤਾ। ਇਹ ਨਗਰ ਕੀਰਤਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋ ਕੇ ਸ੍ਰੀ ਗੁਰੂ ਰਾਮਦਾਸ ਨਿਵਾਸ, ਬ੍ਰਹਮ ਬੂਟਾ ਮਾਰਕੀਟ, ਬਜ਼ਾਰ ਮਾਈ ਸੇਵਾਂ, ਬਜ਼ਾਰ ਕਾਠੀਆਂ, ਬਜ਼ਾਰ ਪਾਪੜਾਂ, ਬਜ਼ਾਰ ਬਾਂਸਾਂ, ਚੌਕ ਛੱਤੀ ਖੂਹੀ, ਚੌਲ ਮੰਡੀ, ਦਾਲ ਮੰਡੀ, ਢਾਬ ਵਸਤੀ ਰਾਮ, ਜੌੜਾ ਪਿੱਪਲ, ਚੌਕ ਲਛਮਣਸਰ, ਚੌਕ ਬਾਬਾ ਸਾਹਿਬ, ਚੌਕ ਪਰਾਗਦਾਸ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਸਾਹਿਬ ਵਿਖੇ ਸੰਪੂਰਨ ਹੋਇਆ।

ਨਗਰ ਕੀਰਤਨ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮਨਜੀਤ ਸਿੰਘ, ਭਾਈ ਰਾਮ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਬਲਵਿੰਦਰ ਸਿੰਘ ਵੇਈਪੂਈਂ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓ. ਐੱਸ. ਡੀ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ,

ਗੁਰਮੀਤ ਸਿੰਘ ਬੁੱਟਰ, ਮੀਤ ਸਕੱਤਰ ਕੁਲਦੀਪ ਸਿੰਘ ਰੋਡੇ, ਲਖਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਸਤਨਾਮ ਸਿੰਘ ਰਿਆੜ, ਸੁਖਰਾਜ ਸਿੰਘ, ਇਕਬਾਲ ਸਿੰਘ ਮੁਖੀ, ਜਸਪਾਲ ਸਿੰਘ ਢੱਡੇ, ਨਿਸ਼ਾਨ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਵੱਲੋਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਸ਼ਮੂਲੀਅਤ ਕੀਤੀ ਗਈ।

ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਨੂੰ ਖੂਨਦਾਨੀਆਂ ਦੀ ਡਾਇਰੈਕਟਰੀ ਭੇਟ

ਸੰਗਰੂਰ (ਪ੍ਰਵੀਨ ਸਿੰਘ)–ਬਲੱਡ ਡੋਨਰਜ ਵੈਲਫੇਅਰ ਸੁਸਾਇਟੀ ਵੱਲੋਂ ਸੰਸਥਾ ਦੇ ਯੂਟਿਊਬ ਚੈਨਲ ਬਲੱਡ ਡੋਨਰਜ ਵੈਲਫੇਅਰ ਟੀ.ਵੀ. ਨੂੰ ਸਮਰਪਤ ਖੂਨਦਾਨੀਆਂ ਦੀ ਡਾਇਰੈਕਟਰੀ 'ਮਹਿਕ-2022' ਮੁਖੀ ਜਗਦੀਸ਼ ਗਰਗ ਵੱਲੋਂ ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਸੁਰਿੰਦਰ ਲਾਂਬਾ ਨੂੰ ਭੇਟ ਕੀਤੀ ਗਈ।

ਸ੍ਰੀ ਗਰਗ ਨੇ ਐਸ.ਐਸ.ਪੀ ਨੂੰ ਦੱਸਿਆ ਕਿ ਲੋਕਾਂ ਦੀ ਭਾਰੀ ਮੰਗ ਤੇ ਖੂਨਦਾਨੀਆਂ ਦੀ ਡਾਇਰੈਕਟਰੀ ਮਹਿਕ-2012, 14, 16, 18, 19, 20 ਦੀ ਕਾਮਯਾਬੀ ਤੋਂ ਬਾਅਦ ਸੰਸਥਾ ਵੱਲੋਂ ਸੱਤਵੀਂ ਵਾਰ ਤਿਆਰ ਕੀਤੀ ਗਈ ਰੰਗਦਾਰ ਡਾਇਰੈਕਟਰੀ ਵਿੱਚ ਖੂਨਦਾਨੀਆਂ ਦੇ ਨਾਂਅ, ਬਲੱਡ ਗਰੁੱਪ ਤੇ ਫੋਨ ਨੰਬਰਾਂ ਦੇ ਨਾਲ-ਨਾਲ ਚੰਗੀਆਂ ਗੱਲਾਂ, ਬਣੇ ਸਬ ਦੇ ਚਹੇਤੇ, ਚੁਟਕਲੇ, ਨਸ਼ਿਆਂ ਅਤੇ ਭਰੂਣ ਹੱਤਿਆ ਸਬੰਧੀ ਜਾਗਰੂਕ ਕਰਨਾ, ਪੌਦੇ ਲਾਉਣਾ, ਮੁਸੀਬਤਾਂ ਤੋਂ ਬਚਣ ਲਈ, ਪ੍ਰਾਪਤੀਆਂ, ਖੂਨਦਾਨ ਬਾਰੇ ਲੋਕਾਂ ਨੂੰ ਪ੍ਰੇਰਤ ਕਰਨਾ, ਅਨਮੋਲ ਬਚਨ ਆਦਿ ਪਾਠਕਾਂ ਲਈ ਪੜ੍ਹਨਯੋਗ ਹੋਵੇਗਾ।

ਇਸ ਮੌਕੇ ਐਸ.ਐਸ.ਪੀ ਸੁਰਿੰਦਰ ਲਾਂਬਾ ਨੇ ਕਿਹਾ ਕਿ ਅੱਜ ਦੇ ਤੇਜ਼-ਰਫ਼ਤਾਰ ਯੁੱਗ ਵਿੱਚ ਖੂਨਦਾਨੀਆਂ ਦੀ ਡਾਇਰੈਕਟਰੀ ਤਿਆਰ ਕਰਨਾ ਪੁੰਨ ਦਾ ਕੰਮ ਹੈ ਤੇ ਖੂਨਦਾਨ ਸਭ ਤੋਂ ਉੱਤਮ-ਦਾਨ ਹੈ, ਜੋ ਕਿਸੇ ਮਰੀਜ਼ ਨੂੰ ਮਰਨ ਤੋਂ ਬਚਾਅ ਸਕਦਾ ਹੈ ਅਤੇ ਕਿਹਾ ਕਿ ਲੋੜਵੰਦ ਮਰੀਜ਼ ਸਿੱਧਾ ਖੂਨਦਾਨੀਆਂ ਨਾਲ ਸੰਪਰਕ ਕਰਕੇ ਇਸ ਡਾਇਰੈਕਟਰੀ ਤੋਂ ਲਾਭ ਲੈ ਸਕਦਾ ਹੈ।

ਗੋਦਰੇਜ ਐਪਲਾਇੰਸਜ਼ ਵੱਲੋਂ ਹਾਟ ਐਂਡ ਕੋਲਡ ਤਕਨਾਲੋਜੀ ਵਾਲੇ ਏਅਰ ਕੰਡੀਸ਼ਨਰ ਲਾਂਚ

ਅੰਮ੍ਰਿਤਸਰ : ਗੋਦਰੇਜ ਗਰੁੱਪ ਦੀ ਪ੍ਰਮੁੱਖ ਕੰਪਨੀ, ਗੋਦਰੇਜ ਐਂਡ ਬੌਇਸ ਦੀ ਕਾਰੋਬਾਰੀ ਇਕਾਈ ਗੋਦਰੇਜ ਐਪਲਾਇੰਸਜ਼ ਨੇ ਗਰਮੀਆਂ ਅਤੇ ਸਰਦੀਆਂ ਦੋਵਾਂ ਸੀਜ਼ਨਾਂ ਵਿੱਚ ਕਮਰੇ ਦੇ ਲੋੜੀਂਦੇ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਗੋਦਰੇਜ ਹਾਟ ਐਂਡ ਕੋਲਡ ਏਅਰ ਕੰਡੀਸ਼ਨਰ ਲਾਂਚ ਕੀਤੇ ਹਨ। ਇਹ ਏਸੀ ਤੁਹਾਡੇ ਕਮਰੇ ਨੂੰ ਤਪਦੀ ਗਰਮੀ ਵਿਚ ਜਦੋਂ ਤਾਪਮਾਨ 50 ਡਿਗਰੀ ਸੈਲਸੀਅਸ ਤੋਂ ਵੱਧ ਹੋ ਸਕਦਾ ਹੈ, ਵਿੱਚ ਠੰਡਾ ਕਰ ਸਕੇਗਾ ਅਤੇ ਸਰਦੀਆਂ ਵਿੱਚ ਭਾਵੇਂ ਵਾਤਾਵਰਨ ਦਾ ਤਾਪਮਾਨ-7 ਡਿਗਰੀ ਸੈਲਸੀਅਸ ਤੱਕ ਘੱਟ ਜਾਵੇ, ਕਮਰੇ ਨੂੰ ਗਰਮ ਕਰ ਸਕਦਾ ਹੈ। ਇਹ ਏਸੀ ਉਨ੍ਹਾਂ ਖੇਤਰਾਂ ਲਈ ਢੁੱਕਵੇਂ ਹਨ ਜਿਥੇ ਸਰਦੀਆਂ ਦੌਰਾਨ ਹੀਟਰਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਗੋਦਰੇਜ ਹਾਟ ਅਤੇ ਕੋਲਡ ਏਅਰ ਕੰਡੀਸ਼ਨਰ 1.5 ਟਨ ਥ੍ਰੀ-ਸਟਾਰ ਦੇ ਨਾਲ ਉਪਲਬਧ ਹਨ ਜਿਸ ਵਿਚ ਕੁਸ਼ਲ ਰੈਫ੍ਰੀਜਰੈਂਟ ਪ੍ਰਵਾਹ ਲਈ ਟਵਿਨ ਰੋਟਰੀ ਇਨਵਰਟਰ ਕੰਪ੍ਰੈਸਰ ਦੀ ਵਰਤੋਂ ਕੀਤੀ ਗਈ ਹੈ। ਨਵੀਂ ਪੇਸ਼ਕਸ਼ ਬਾਰੇ ਬੋਲਦਿਆਂ ਗੋਦਰੇਜ ਐਂਡ ਬੌਇਸ ਦੀ ਫਲੈਗਸ਼ਿਪ ਕੰਪਨੀ, ਗੋਦਰੇਜ ਐਪਲਾਇੰਸਜ਼ ਦੇ ਬਿਜ਼ਨੈੱਸ ਹੈੱਡ ਅਤੇ ਐਗਜ਼ੀਕਿਊਟਿਵ ਵਾਈਸ ਪ੍ਰੈਜ਼ੀਡੈਂਟ, ਕਮਲ ਨੰਦੀ ਨੇ ਕਿਹਾ ਕਿ ਸਾਡੇ ਨਵੇਂ ਹਾਟ ਐਂਡ ਕੋਲਡ ਏਸੀ ਪੂਰੇ ਸਾਲ ਦੌਰਾਨ ਖਪਤਕਾਰਾਂ ਨੂੰ ਵਧੇਰੇ ਆਰਾਮ ਪ੍ਰਦਾਨ ਕਰਨਗੇ ਅਤੇ ਇਹ ਕਏ ਵਿਸ਼ੇਸ਼ਤਾਵਾਂ ਦੇ ਨਾਲ ਵਿਚਾਰ ਕੇ ਡਿਜ਼ਾਈਨ ਕੀਤੇ ਗਏ ਹਨ। ਇਸ ਉਤਪਾਦ ਦੀ ਸ਼ੁਰੂਆਤ ਦੇ ਨਾਲ ਅਸੀਂ ਵਿੱਤੀ ਸਾਲ 22-23 ਦੇ ਅੰਤ ਤੱਕ ਹਾਟ ਅਤੇ ਕੋਲਡ ਏਅਰ ਕੰਡੀਸ਼ਨਰਾਂ ਦੁਆਰਾ 10% ਮਾਰਕੀਟ ਹਿੱਸੇਦਾਰੀ ਹਾਸਲ ਕਰਨ ਦੀ ਉਮੀਦ ਕਰਦੇ ਹਾਂ।

ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ: ਵਜੋਂ ਜਾਣੇ ਜਾਂਦੇ) ਕੰਪਨੀਜ਼ ਐਕਟ 1986 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਜੰਡਿਆਲਾ ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਰਾਜਵਿੰਦਰ ਕੌਰ ਪਤਨੀ ਪਰਮਜੀਤ ਸਿੰਘ
2 ਪਰਮਜੀਤ ਸਿੰਘ ਹੇਮਰ ਪੁੱਤਰ ਸ੍ਰੀ ਵੀਰ ਸਿੰਘ
ਦੋਵੇਂ ਵਾਸੀ ਪਿੰਡ ਤੇ ਡਾਕਖਾਨਾ ਖਜੂਰਲਾ, ਵਾਇਆ ਐੱਲ ਪੀ ਯੂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ-144402
3 ਰਣਜੀਤ ਸਿੰਘ ਪੁੱਤਰ ਕੁਲਵਿੰਦਰ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖ਼ੁੰਡਾਲਾ ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-144304

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ 2 ਅਤੇ 3 ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 16.2.2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 23.12.2022 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮ: ਵਜੋਂ ਜਾਣੇ ਜਾਂਦੇ) ਕੰਪਨੀਜ਼ ਐਕਟ 1986 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ 37, ਮਿਡਾਸ ਕਾਰਪੋਰੇਟ ਪਾਰਕ, ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ, ਐੱਸ ਸੀ ਐੱਫ 29, ਫੇਜ਼ 5, ਸੈਕਟਰ 59, ਮੁਹਾਲੀ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਜਸਬੀਰ ਸਿੰਘ ਭੰਗੂ ਪੁੱਤਰ ਕਿਰਪਾਲ ਸਿੰਘ ਭੰਗੂ
2 ਕੁਲਵੀਰ ਕੌਰ ਪਤਨੀ ਜਸਵੀਰ ਸਿੰਘ
3 ਅਵਨੀਤ ਭੰਗੂ ਪੁੱਤਰ ਜਸਵੀਰ ਸਿੰਘ
ਸਾਰੇ ਵਾਸੀ ਪਿੰਡ ਟਿੱਬਰਪੁਰ ਡਾਕਖਾਨਾ ਬਰਾਸ ਜ਼ਿਲ੍ਹਾ ਫਤਿਹਗੜ੍ਹ ਸਾਹਿਬ-140602

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ 2 ਅਤੇ 3 ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਫਿਰ ਵਾਪਸ ਪ੍ਰਾਪਤ ਨਹੀਂ ਹੋਏ ਸਨ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਜਾਣਬੁੱਝ ਕੇ ਮੇਰੇ ਸਾਹਮਣੇ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 16.2.2023 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 23.12.2022 ਸੁਖਜੀਤ ਸਿੰਘ ਜੌਲੀ
ਜਲੰਧਰ ਸਾਲਸ

AXIS BANK ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐੱਸੇਟ ਸੈਂਟਰ : ਐਕਸਿਸ ਬੈਂਕ ਲਿਮਟਿਡ, ਵੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਊਰਟਾਈਜੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ 2002 ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਕਰਨ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਲੜੀ ਨੰ.	ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ	ਡਿਮਾਂਡ ਨੋਟਿਸ ਦੀ ਮਿਤੀ
1.	ਮੈਸ. ਹਰੀ ਚੰਦ ਹਰਮੇਸ਼ ਕੁਮਾਰ ਰਾਹੀਂ ਇਸ ਦੇ ਮਾਲਕ ਸੁਮਿਤ ਮਿੱਤਲ, ਦੁਕਾਨ ਨੰ. 68, ਨਵੀਂ ਦਾਣਾ ਮਾਰਕੀਟ, ਅਮਲੋਹ-147203 ਨਾਲ ਹੀ:-ਮੈਸ. ਹਰੀ ਚੰਦ ਹਰਮੇਸ਼ ਕ

28-DEC-PAGE-7.qxd 12/27/2022 10:19 PM Page 1

ਰੇਲਵੇ ਫਾਟਕ ਸੰਬੰਧੀ ਪਿੰਡ ਵਾਸੀਆਂ ਟ੍ਰੈਫਿਕ ਇੰਸਪੈਕਟਰ ਨੂੰ ਦਿੱਤਾ ਮੰਗ ਪੱਤਰ

ਘੰਟਿਆਂਬੱਧੀ ਫਾਟਕ ਬੰਦ ਰਹਿਣ ਦੀ ਸਮੱਸਿਆ ਦਾ ਹੱਲ ਕਰਨ ਦੀ ਮੰਗ

ਇੰਸਪੈਕਟਰ ਹਰਜੀਤ ਸਿੰਘ ਨੂੰ ਮੰਗ ਪੱਤਰ ਦਿੰਦੇ ਪਿੰਡ ਵਾਸੀ।

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਬਾਲਿਆਂਵਾਲੀ ਵਾਲੇ ਸਥਾਨਕ ਰੇਲਵੇ ਫਾਟਕ ਨੰ: 123 ਦੇ ਅਕਸਰ ਬੰਦ ਰਹਿਣ ਤੋਂ ਆਉਂਦੀ ਸਮੱਸਿਆ ਦੇ ਹੱਲ ਸਬੰਧੀ ਤਿੰਨ ਦਿਨ ਪਹਿਲਾਂ ਲਹਿਰਾ ਮੁਹੱਬਤ ਵਾਸੀ ਇਕੱਠੇ ਹੋ ਕੇ ਸਟੇਸ਼ਨ ਮਾਸਟਰ ਨੂੰ ਮਿਲੇ ਸਨ। ਸਟੇਸ਼ਨ ਮਾਸਟਰ ਅਨੀਰੁਧ ਕੁਮਾਰ ਵੱਲੋਂ ਫਾਟਕ ਬੰਦ ਰਹਿਣ ਕਾਰਨ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਰੇਲਵੇ ਦੇ ਉੱਚ ਅਧਿਕਾਰੀਆਂ ਨੂੰ ਜਾਣੂ ਕਰਵਾਉਣ ਤੋਂ ਬਾਅਦ ਅੱਜ ਰੇਲਵੇ ਫਾਟਕ ਦਾ ਮੌਕੇ ਦੇਖਣ ਤੇ ਲੋਕਾਂ ਦੀ ਗੱਲ ਸੁਣਨ ਲਈ ਬਠਿੰਡਾ ਤੋਂ ਰੇਲਵੇ ਵਿਭਾਗ ਦੇ ਟ੍ਰੈਫਿਕ ਇੰਸਪੈਕਟਰ ਹਰਜੀਤ ਸਿੰਘ ਆਪਣੀ ਟੀਮ ਸਮੇਤ ਇੱਥੇ ਪਹੁੰਚੇ। ਉਨ੍ਹਾ ਨੇ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ। ਪਿੰਡ ਖੇਤੀ ਮਸ਼ੀਨਰੀ ਤੇ ਐਂਬੂਲੈਂਸਾਂ ਦਾ ਆਉਣ-ਜਾਣ ਰਹਿੰਦਾ ਹੈ, ਪ੍ਰੰਤੂ ਫਾਟਕ ਕਈ ਕਈ ਘੰਟੇ ਬੰਦ ਰਹਿਣ ਕਾਰਨ ਲੋਕਾਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਜਿੰਨਾ ਸਮਾਂ ਰੇਲਵੇ ਫਾਟਕ 'ਤੇ ਪੁਲ ਨਹੀਂ ਬਣਦਾ, ਉਨਾ ਸਮਾਂ ਟ੍ਰੈਫਿਕ ਲਾਂਘੇ ਦਾ ਪ੍ਰਬੰਧ ਕੀਤਾ ਜਾਵੇ, ਨਵਾਂ ਪੁਲ ਬਣਨ ਸਮੇਂ ਪਿੰਡ ਵਾਲੇ ਪਾਸੇ ਦੋਨੋਂ ਸਾਈਡਾਂ 'ਤੇ ਰਸਤਾ ਰੱਖਿਆ ਜਾਵੇ, ਨਵੇਂ ਪੁਲ ਉੱਪਰ ਛੱਤ ਵੀ ਪਾਈ ਜਾਵੇ, ਤਾਂ ਕਿ ਬਰਸਾਤ ਸਮੇਂ ਪਾਣੀ ਜਮ੍ਹਾਂ ਹੋਣ ਦੀ ਮੁਸ਼ਕਲ ਨਾ ਆਵੇ, ਨਵੇਂ ਪੁਲ ਦੇ ਹੇਠ ਪਿੰਡ ਦੇ ਛੱਪੜਾਂ ਦੇ ਪਾਣੀ ਦੇ ਨਿਕਾਸ ਲਈ ਵੱਡੀਆਂ ਪਾਈਪਾਂ ਜਾਣ ਤੇ ਕੋਰੋਨਾ ਲਾਕਡਾਊਨ ਸਮੇਂ ਤੋਂ ਬੰਦ ਪੈਸੰਜਰ ਗੱਡੀਆਂ ਦਾ ਰੁਕਣਾ ਫਿਰ ਤੋਂ ਚਾਲੂ ਕੀਤਾ ਜਾਵੇ।

ਵਾਸੀਆਂ ਨੇ ਮੰਗਾਂ ਸਬੰਧੀ ਦੱਸਿਆ ਕਿ ਰੇਲ ਗੱਡੀਆਂ ਫਾਟਕ ਦੇ ਐਨ ਵਿਚਕਾਰ ਰੁਕ ਜਾਂਦੀਆਂ ਹਨ। ਫਾਟਕ ਕਈ ਵਾਰ ਦੋ-ਦੋ, ਤਿੰਨ-ਤਿੰਨ ਘੰਟੇ ਬੰਦ ਰਹਿੰਦਾ ਹੈ। ਇਹ ਮੇਨ ਫਾਟਕ ਹੋਣ ਕਰਕੇ ਕਈ ਪਿੰਡਾਂ ਤੇ ਸ਼ਹਿਰਾਂ ਨੂੰ ਜੋੜਦਾ ਹੈ ਜਿਵੇਂ ਕਿ ਮੌੜ, ਮਾਨਸਾ, ਬੁਢਲਾਡਾ, ਤਲਵੰਡੀ ਸਾਬੋ ਤੇ ਸਰਸਾ ਆਦਿ ਨੂੰ ਜਾਣ ਵਾਲੇ ਸ਼ਾਰਟ ਕੱਟ ਹੋ ਕੇ ਇੱਥੋਂ ਲੰਘਦੇ ਹਨ। ਸਕੂਲ ਵੈਨਾਂ,

ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਧਰਨਾ

ਸਰਦੂਲਗੜ੍ਹ (ਅਵਤਾਰ ਜਟਾਣਾ)

ਨਰਮੇ ਦੀ ਚੁਗਾਈ ਦੇ ਪੈਸੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਨਾ ਆਉਣਾ, ਰਾਸ਼ਨ ਵਾਲੇ ਅਨਾਜ ਵਿੱਚ ਕਟੌਤੀ ਕਰਨਾ, ਮਨਰੇਗਾ ਮਜ਼ਦੂਰਾਂ ਨੂੰ ਪੂਰੀ ਦਿਹਾੜੀ ਨਾ ਮਿਲਣਾ ਆਦਿ ਮੁਸ਼ਕਲਾਂ ਨੂੰ ਲੈ ਕੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਐੱਸ.ਡੀ.ਐੱਮ. ਦਫਤਰ ਅੱਗੇ ਧਰਨਾ ਲਾਇਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਸਾਥੀ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਵੋਟਾਂ ਵੇਲੇ ਮਜ਼ਦੂਰਾਂ ਨਾਲ ਕੀਤੇ ਵਾਅਦੇ ਜਿਵੇਂ ਕਿ ਪੰਜ-ਪੰਜ ਮਰਲੇ ਦੇ ਪਲਾਟ, ਬੁਢਾਪਾ, ਵਿਧਵਾ ਤੇ ਆਸ਼ਰਤਾਂ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ, ਪੰਚਾਇਤੀ ਜ਼ਮੀਨ ਵਿੱਚੋਂ ਮਜ਼ਦੂਰਾਂ ਨੂੰ ਤੀਜਾ ਹਿੱਸਾ ਕਾਸ਼ਤ ਵਾਸਤੇ ਦੇਣਾ, ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ, ਅਨਾਜ ਦੇ ਨਾਲ ਨਾਲ 14 ਜ਼ਰੂਰੀ ਵਸਤਾਂ ਰਾਸ਼ਨ ਕਾਰਡ 'ਤੇ ਦਿੱਤੀਆਂ ਜਾਣ, ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਸੱਤ ਸੌ ਰੁਪਏ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਉਪਰੋਕਤ ਮੰਗਾਂ ਜਲਦੀ ਨਾ ਮੰਗੀਆਂ ਗਈਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਇਸ ਮੌਕੇ ਉਨ੍ਹਾਂ ਨੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਦਿਹਾਤੀ ਮਜ਼ਦੂਰ ਸਭਾ ਮਾਲਵਾ ਜ਼ੋਨ ਦੀ ਬਠਿੰਡਾ ਵਿਖੇ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਵੱਧ ਤੋਂ ਵੱਧ ਪਹੁੰਚਣ ਦੀ ਖੇਚਲ ਕਰਨ। ਧਰਨੇ ਵਿੱਚ ਓਮ ਪ੍ਰਕਾਸ਼ ਝੰਡਾ ਖੁਰਦ, ਸੁਰਜੀਤ ਸਿੰਘ ਕਾਹਨੇਵਾਲਾ, ਦੇਸ ਰਾਜ ਫੂਸ ਮੰਡੀ, ਆਤਮਾ ਰਾਮ ਸਰਦੂਲਗੜ੍ਹ, ਗੁਰਦੇਵ ਸਿੰਘ ਲੋਹਗੜ ਤੇ ਸੀ.ਟੀ.ਯੂ. ਦੇ ਲਾਲ ਚੰਦ ਸ਼ਰਮਾ ਨੇ ਵੀ ਸੰਬੋਧਨ ਕੀਤਾ।

ਡੀ ਆਈ ਜੀ ਰਾਮਪਾਲ ਨੇ ਖੂਨਦਾਨੀਆਂ ਨੂੰ ਕੀਤਾ ਸਨਮਾਨਤ

■ ਜੋੜ ਮੇਲ ਮੌਕੇ ਲਗਾਏ ਖੂਨਦਾਨ ਕੈਂਪ 'ਚ 102 ਯੂਨਿਟ ਇਕੱਤਰ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਪੁਲਸ ਜ਼ਿਲ੍ਹਾ ਸਾਂਝ ਕੇਂਦਰ ਖੰਨਾ ਤੇ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ (ਐੱਨ ਜੀ ਓ) ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਲੱਗੇ ਤਿੰਨ ਦਿਨਾਂ ਜੋੜ ਮੇਲ ਦੌਰਾਨ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿੱਚ 102 ਵਿਅਕਤੀਆਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਖੂਨ ਦਾਨ ਕੀਤਾ। ਪੁਲਸ ਜ਼ਿਲ੍ਹਾ ਖੰਨਾ ਦੇ ਐੱਸ ਐੱਸ ਪੀ ਹਰੀਸ਼ ਕੁਮਾਰ ਦਯਾਮਾ ਦੀ ਅਗਵਾਈ ਹੇਠ ਲਗਾਏ ਖੂਨਦਾਨ ਕੈਂਪ 'ਚ ਆਈ ਜੀ (ਲੁਧਿਆਣਾ ਰੇਂਜ) ਕੌਸਤੁੰਭ ਸ਼ਰਮਾ, ਡੀ ਆਈ ਜੀ ਸੰਜੀਵ ਕੁਮਾਰ ਰਾਮਪਾਲ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ ਤੇ ਸ਼੍ਰੋਮਣੀ ਕਮੇਟੀ ਮੈਂਬਰ ਸਰਬੰਸ ਸਿੰਘ ਮਾਣਕੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਖੂਨਦਾਨੀਆਂ ਨੂੰ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ। ਪੁਲਸ ਵਿਭਾਗ ਦੇ ਉਕਤ ਅਧਿਕਾਰੀਆਂ ਨੇ ਸਾਂਝ ਕੇਂਦਰ ਖੰਨਾ ਤੇ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਇਕੱਤਰ ਕੀਤਾ ਗਿਆ ਖੂਨ ਕਈ ਕੀਮਤੀ ਜਾਨਾਂ ਨੂੰ ਬਚਾਉਣ ਵਿੱਚ ਸਹਿਯੋਗ ਦੇਵੇਗਾ। ਇਸ ਤੋਂ ਇਲਾਵਾ ਐੱਸ ਪੀ (ਐੱਚ) ਗੁਰਪ੍ਰੀਤ ਕੌਰ ਪੁਰੇਵਾਲ ਤੇ ਡੀ ਐੱਸ ਪੀ ਵਰਿਆਮ ਸਿੰਘ ਵੀ ਕੈਂਪ 'ਚ ਪੁੱਜੇ, ਜਿਨ੍ਹਾਂ ਖੂਨ ਦਾਨ ਕਰਨ ਵਾਲਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਿਵਲ ਹਸਪਤਾਲ ਲੁਧਿਆਣਾ ਤੋਂ ਆਈ ਮੋਬਾਇਲ ਬੱਸ ਟੀਮ ਵੱਲੋਂ 102 ਯੂਨਿਟ ਖੂਨ ਇਕੱਤਰ ਕੀਤਾ ਗਿਆ। ਪੁਲਸ ਸਾਂਝ ਕੇਂਦਰ ਦੇ ਇੰਚਾਰਜ ਕੁਲਜੀਤ ਸਿੰਘ ਤੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਖੂਨਦਾਨ ਕੈਂਪ 'ਚ ਸਹਿਯੋਗ ਦੇਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੁਲਸ ਉੱਚ ਅਧਿਕਾਰੀਆਂ ਦਾ ਧੰਨਵਾਦ ਪ੍ਰਗਟਾਇਆ। ਇਸ ਮੌਕੇ ਡੀ ਐੱਸ ਪੀ ਨਵੀਨ ਕੁਮਾਰ, ਡੀ ਐੱਸ ਪੀ ਹਰਪਾਲ ਸਿੰਘ, ਥਾਣਾ ਮੁਖੀ ਦਵਿੰਦਰਪਾਲ ਸਿੰਘ, ਥਾਣਾ ਮੁਖੀ ਸਮਰਾਲਾ ਭਿੰਦਰ ਸਿੰਘ, ਸੀ ਏ ਲਵਰੀਸ਼ ਸ਼ਰਮਾ, ਜਗਦੀਸ਼ ਚਾਨਣਾ, ਪਰਮਦੀਪ ਪਾਲ ਸਿੰਘ, ਪਰਮਜੀਤ ਕੌਰ ਸੈਣੀ, ਜਗਤਾਰ ਸਿੰਘ ਜੱਸੋਵਾਲ, ਮਿੱਕੂ ਹੰਸ, ਬਲਦੀਪ ਸਿੰਘ, ਇੰਚਾਰਜ ਵਿਪਨ ਕੁਮਾਰ, ਤਰਲੋਚਨ ਕੁਮਾਰ ਮੌਜੂਦ ਸਨ।

ਖੂਨਦਾਨੀਆਂ ਨੂੰ ਸਨਮਾਨਤ ਕਰਦੇ ਹੋਏ ਡੀ ਆਈ ਜੀ ਰਾਮਪਾਲ, ਐੱਸ ਪੀ (ਐੱਚ) ਪੁਰੇਵਾਲ ਤੇ ਹੋਰ।

ਕਾਤਰਾਂ

25 ਗ੍ਰਾਮ ਹੈਰੋਇਨ ਸਮੇਤ ਔਰਤ ਕਾਬੂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਐੱਸ ਐੱਸ ਪੀ ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰਾਂ ਖਿਲਾਫ ਅਰੰਭੀ ਮੁਹਿੰਮ ਤਹਿਤ ਪੁਲਸ ਚੌਕੀ ਪਸਿਆਣਾ ਇੰਚਾਰਜ ਅੰਕੁਰਦੀਪ ਸਿੰਘ ਦੀ ਅਗਵਾਈ ਹੇਠ ਏ ਐੱਸ ਆਈ ਕੁਲਦੀਪ ਸਿੰਘ ਤੇ ਪੁਲਸ ਪਾਰਟੀ ਵੱਲੋਂ ਵੱਡੀ ਕਾਮਯਾਬੀ ਹਾਸਲ ਕਰਦੇ ਹੋਏ ਨਸ਼ਾ ਤਸਕਰ ਸੁਖਵਿੰਦਰ ਕੌਰ ਪਤਨੀ ਸਤਨਾਮ ਸਿੰਘ ਪਿੰਡ ਚੌਰਾ ਨੂੰ ਲੰਗੜੋਈ ਤੋਂ ਗ੍ਰਿਫਤਾਰ ਕਰਕੇ 25 ਗ੍ਰਾਮ ਹੈਰੋਇਨ ਤੇ 13700 ਰੁਪਏ ਨਗਦ ਬਰਾਮਦ ਕੀਤੇ। ਮੁਲਜ਼ਮਾਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

ਹੈਰੋਇਨ ਸਮੇਤ ਨੌਜਵਾਨ ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਥਾਣਾ ਸਦਰ ਪੁਲਸ ਨੇ ਹੈਰੋਇਨ ਸਮੇਤ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਮੱਲਵਾਲਾ ਸੀ ਤਾਂ ਰਸਤੇ ਵਿੱਚ ਸਾਹਮਣੇ ਤੋਂ ਇੱਕ ਨੌਜਵਾਨ ਵਿਪਨ ਕੁਮਾਰ ਵਾਸੀ ਗਿੱਦੜਬਾਹਾ ਆ ਰਿਹਾ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਪੱਕੇ ਖਾਲ ਵਿੱਚ ਬੈਠ ਗਿਆ। ਸ਼ੱਕ ਹੋਣ 'ਤੇ ਪੁਲਸ ਨੇ ਉਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 6 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਉਕਤ ਨੌਜਵਾਨ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰੇਤ ਦੀ ਭਰੀ ਟਰੈਕਟਰ ਟਰਾਲੀ ਬਰਾਮਦ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਥਾਣਾ ਸਦਰ ਦੀ ਪੁਲਸ ਨੇ ਰੇਤ ਦੀ ਭਰੀ ਟਰੈਕਟਰ ਟਰਾਲੀ ਬਰਾਮਦ ਕਰਕੇ ਇੱਕ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਉਕਤ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਜੰਗ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਜਦ ਗਸ਼ਤ ਤੇ ਚੈਕਿੰਗ ਦੇ ਸੰਬੰਧ ਵਿੱਚ ਪਿੰਡ ਮੜਮੱਲੂ ਵਿਖੇ ਮੌਜੂਦ ਸੀ ਤਾਂ ਮੁਖਬਰ ਨੇ ਆ ਕੇ ਇਤਲਾਹ ਦਿੱਤੀ ਕਿ ਇੱਕ ਵਿਅਕਤੀ, ਜਿਸ ਕੋਲ ਟਰੈਕਟਰ ਆਈਸ਼ਰ ਸਮੇਤ ਟਰਾਲੀ ਦੇ ਜੋ ਕਿ ਸ਼ਿਵਪੁਰ ਕੁਕਰੀਆਂ ਵਿਖੇ ਸੋਮਨਾਲੇ ਤੋਂ ਨਜਾਇਜ਼ ਮਾਈਨਿੰਗ ਕਰਕੇ ਲਿਆ ਰਿਹਾ ਹੈ, ਜਿਸ 'ਤੇ ਪੁਲਸ ਨੇ ਰੇਡ ਕਰਕੇ ਮੌਕੇ 'ਤੇ ਰੇਤ ਦੀ ਭਰੀ ਟਰੈਕਟਰ ਟਰਾਲੀ ਬਰਾਮਦ ਕਰ ਲਈ। ਪੁਲਸ ਨੇ ਦੋਸ਼ੀ ਕੇਵਲ ਸਿੰਘ ਵਾਸੀ ਪਿੰਡ ਮਚਾਕੀ ਖੁਰਦ ਜ਼ਿਲ੍ਹਾ ਫਰੀਦਕੋਟ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ।

ਗੁਜਰਾਤ ਦੇ ਬੱਚਿਆਂ ਲਈ ਸਕਾਲਰਸ਼ਿਪ ਲਾਂਚ

ਛਾਜਲੀ (ਜਸਵੀਰ ਲਾਡੀ)-ਇੱਥੇ ਇਲਾਕੇ ਦੇ ਨਾਮਵਰ ਸੋਸ਼ਲ ਵਰਕਰ ਸ੍ਰ. ਹੁਸ਼ਿਆਰ ਸਿੰਘ ਚੱਠਾ ਤੇ ਸ੍ਰ. ਗੁਰਪ੍ਰੀਤ ਸਿੰਘ ਗੁਜਰਾਤ ਨੇ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਚੰਡੀਗੜ੍ਹ ਯੂਨਵਰਸਿਟੀ ਦੇ ਚਾਂਸਲਰ ਸ੍ਰ. ਸਤਨਾਮ ਸਿੰਘ ਸੰਧੂ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਗੁਰਦਵਾਰਾ ਸਾਹਿਬ ਲਖਪਤ (ਗੁਜਰਾਤ) ਵਿਖੇ ਨਤਮਸਤਕ ਹੋਣ ਪਹੁੰਚੇ, ਜਿੱਥੇ ਉਨ੍ਹਾ ਨੇ ਗੁਜਰਾਤ ਦੇ ਸਿੱਖ ਬੱਚਿਆਂ ਵਾਸਤੇ 64 ਕਰੋੜ ਦੀ ਨਾਨਕ ਮਿਸ਼ਨ ਸਕਾਲਰਸ਼ਿਪ ਲਾਂਚ ਕੀਤੀ, ਜਿਸ ਨਾਲ ਬੱਚਿਆਂ 'ਚ ਪੜ੍ਹਨ ਦੀ ਰੁਚੀ ਵਧੇਗੀ ਤੇ ਚੰਗੀ ਵਿੱਦਿਆ ਹਾਸਲ ਕਰਕੇ ਉੱਚ ਪੱਦਵੀਆਂ 'ਤੇ ਪਹੁੰਚਣਗੇ।

ਚੋਰੀ ਦੇ ਮੋਟਰਸਾਇਕਲਾਂ ਸਮੇਤ ਦੋ ਕਾਬੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਥਾਣਾ ਸਦਰ ਪੁਲਸ ਨੇ ਚੋਰੀ ਦੇ ਦੋ ਮੋਟਰਸਾਈਕਲ ਬਰਾਮਦ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਦੋਵਾਂ ਮੁਲਜ਼ਮਾਂ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹੌਲਦਾਰ ਕੇਵਲ ਸਿੰਘ ਨੇ ਦੱਸਿਆ ਕਿ ਪੁਲਸ ਪਾਰਟੀ ਜਦ ਗਸ਼ਤ ਤੇ ਚੈਕਿੰਗ ਦੇ ਸੰਬੰਧ ਵਿੱਚ ਮੇਨ ਕੋਟਕਪੂਰਾ ਰੋਡ ਚੁਰਸਤਾ ਸੰਗੂਧੌਣ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਤੇਜ ਸਿੰਘ ਵਾਸੀ ਪਿੰਡ ਮਚਾਕੀ ਮੱਲ ਫਰੀਦਕੋਟ ਤੇ ਸੁਖਜਿੰਦਰ ਸਿੰਘ ਵਾਸੀ ਜ਼ਿਲ੍ਹਾ ਫਰੀਦਕੋਟ ਮੋਟਰਸਾਇਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜੋ ਅੱਜ ਪਿੰਡ ਥਾਂਦੇਵਾਲਾ ਤੋਂ ਹੁੰਦੇ ਹੋਏ ਸ਼ਹਿਰ ਮੁਕਤਸਰ ਵਿਖੇ ਚੋਰੀ ਦੇ ਮੋਟਰਸਾਈਕਲ ਵੇਚਣ ਆ ਰਹੇ ਹਨ, ਜਿਸ 'ਤੇ ਪੁਲਸ ਨੇ ਨਾਕਾਬੰਦੀ ਕਰਕੇ ਗੁਰਤੇਜ ਸਿੰਘ ਤੇ ਸੁਖਜਿੰਦਰ ਸਿੰਘ ਨੂੰ ਚੋਰੀ ਦੇ ਦੋ ਮੋਟਰਸਾਈਕਲਾਂ ਸਣੇ ਕਾਬੂ ਕਰ ਲਿਆ।

ਪੰਜਾਬੀ ਲੋਕ ਸੰਗੀਤ 'ਚੋਂ ਸੁਚੇਤ ਲੋਕਾਂ ਦੀ ਗੈਰ-ਹਾਜ਼ਰੀ ਚਿੰਤਾ ਦਾ ਵਿਸ਼ਾ : ਮੁਹੰਮਦ ਸਦੀਕ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)-ਪੰਜਾਬੀ ਲੋਕ ਸੰਗੀਤ ਵਿੱਚੋਂ ਕਿਸੇ ਵਕਤ ਇਤਿਹਾਸ ਬੋਲਦਾ ਸੀ, ਕੌਮੀ ਚਰਿਤਰ ਉਸਾਰੀ ਤੇ ਧਰਤੀ ਦੀ ਮਰਯਾਦਾ ਬੋਲਦੀ ਸੀ, ਪਰ ਹੁਣ ਸਿਰਫ ਸਰਮਾਇਆ ਬੋਲਦਾ ਹੈ। ਸੁਰੀਲੇ ਤੋਂ ਸੁਰੀਲੇ ਗਾਇਕਾਂ ਦੀ ਵੀ ਬਾਜ਼ਾਰ ਵਿੱਚ ਉਹ ਢੁੱਕਤ ਨਹੀਂ, ਜਿਸ ਦੇ ਉਹ ਹੱਕਦਾਰ ਹਨ। ਇਸ ਦਾ ਇੱਕੋ ਇੱਕ ਕਾਰਨ ਲੋਕ ਸੰਗੀਤ ਵਿੱਚੋਂ ਲੋਕ ਮਨਫੀ ਹੋ ਰਹੇ ਹਨ ਤੇ ਮੰਡੀ ਦਾ ਦਖਲ ਵਧ ਗਿਆ ਹੈ। ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਬੁਲਾਵੇ 'ਤੇ ਇਹ ਵਿਚਾਰ ਪੇਸ਼ ਕਰਦਿਆਂ ਪਿਛਲੇ ਛੇ ਦਹਾਕਿਆਂ ਤੋਂ ਲੋਕ ਸੰਗੀਤ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਲੋਕ ਫਨਕਾਰ ਤੇ ਪਾਰਲੀਮੈਂਟ ਮੈਂਬਰ ਜਨਾਬ ਮੁਹੰਮਦ ਸਦੀਕ ਨੇ ਕਿਹਾ ਕਿ ਸਾਨੂੰ ਆਪਣਾ ਲੋਕ ਸੰਗੀਤ ਬਚਾਉਣ ਲਈ ਨਿਰੰਤਰ ਸੁਚੇਤ ਪੱਧਰ 'ਤੇ ਹੰਭਲੇ ਮਾਰਨੇ ਪੈਣਗੇ। ਲੋਕ ਸਾਜ, ਲੋਕ ਤਰਜ਼ਾਂ ਤੇ ਲੋਕ ਅੰਦਾਜ਼ ਅੱਜ ਵੀ ਸ਼ਕਤੀਸ਼ਾਲੀ ਹੈ, ਪਰ ਨਵੇਂ ਯੁਗ ਦੇ ਨਵੇਂ ਸਰੋਤਿਆ

28-Dec Page 8.qxd 12/27/2022 10:23 PM Page 1

ਕੋਵਿਡ-19 ਸੰਬੰਧੀ ਹਦਾਇਤਾਂ ਦੀ ਪਾਲਣਾ ਜ਼ਰੂਰੀ : ਡਾ. ਢਾਂਡਾ

ਨਵਾਂਸ਼ਹਿਰ (ਮਨੋਜ ਲਾਡੀ)-ਅਮਰੀਕਾ ਅਤੇ ਚੀਨ 'ਚ ਕੋਰੋਨਾ ਦੇ ਵਧ ਰਹੇ ਮਾਮਲਿਆਂ ਤੋਂ ਬਾਅਦ ਜ਼ਿਲ੍ਹਾ ਸਿਹਤ ਵਿਭਾਗ ਵੀ ਚੌਕਸ ਹੋ ਗਿਆ ਹੈ। ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਕੋਰੋਨਾ ਨਾਲ ਨਜਿੱਠਣ ਲਈ ਪ੍ਰਬੰਧਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਰਹੀ ਹੈ। ਇਸ ਸੰਬੰਧੀ ਸਿਵਲ ਸਰਜਨ ਡਾ. ਦਵਿੰਦਰ ਢਾਂਡਾ ਨੇ ਦੱਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਨਾਲ ਤਿਆਰ ਹੈ। ਉਨ੍ਹਾਂ ਦੱਸਿਆ ਕਿ ਕੋਰੋਨਾ ਵਾਇਰਸ ਵਿਰੁੱਧ ਸਭ ਤੋਂ ਵੱਡਾ ਹਥਿਆਰ ਟੀਕਾਕਰਨ ਹੈ ਅਤੇ ਜ਼ਿਲ੍ਹੇ 'ਚ ਕੋਵੀਸ਼ੀਲਡ ਦੀ ਸਪਲਾਈ ਵੀ ਆਉਣੀ ਸ਼ੁਰੂ ਹੋ ਗਈ ਹੈ, ਜਿਨ੍ਹਾਂ ਵਿਚੋਂ ਕੋਵੀਸ਼ੀਲਡ ਦੀਆਂ 100 ਖੁਰਾਕਾਂ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਨੂੰ ਉਪਲਬਧ ਕਰਵਾਈਆਂ ਗਈਆਂ ਹਨ। ਸਿਵਲ ਸਰਜਨ ਨੇ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਵਿਖੇ ਕੋਰੋਨਾ ਆਈਸੋਲੇਸ਼ਨ ਵਾਰਡ ਸਥਾਪਤ ਹੈ ਅਤੇ ਲੋੜ ਪੈਣ 'ਤੇ ਕੋਰੋਨਾ ਮਰੀਜ਼ਾਂ ਨੂੰ ਦਾਖਲ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਉਨ੍ਹਾ ਇਹ ਵੀ ਦੱਸਿਆ ਕਿ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੋ ਪੀ ਸੀ ਏ ਆਕਸੀਜਨ (ਪ੍ਰੈਸ਼ਰ ਸਵਿੰਗ ਅਬਸੋਰਪਸ਼ਨ) ਪਲਾਂਟ ਅਤੇ ਇਕ ਐੱਲ ਐੱਮ ਓ ਆਕਸੀਜਨ ਟੈਂਕ ਚੱਲ ਰਹੇ ਹਨ, ਜਿਨ੍ਹਾਂ ਨਾਲ ਕੋਰੋਨਾ ਮਰੀਜ਼ਾਂ ਨੂੰ ਆਕਸੀਜਨ ਦੀ ਨਿਰਵਿਘਨ ਸਪਲਾਈ ਮੁਹੱਈਆ ਕਰਵਾਈ ਜਾ ਸਕਦੀ ਹੈ। ਇਨ੍ਹਾਂ ਪਲਾਂਟਾਂ ਤੋਂ ਇਲਾਵਾ ਜ਼ਿਲ੍ਹੇ 'ਚ ਆਕਸੀਜਨ ਕੰਸਨਟਰੇਟਰ ਵੀ ਢੁੱਕਵੀਂ ਮਾਤਰਾ ਵਿਚ ਉਪਲਬਧ ਹਨ, ਜਿਨ੍ਹਾਂ ਨੂੰ ਥੋੜ੍ਹੀ ਮਾਤਰਾ 'ਚ ਆਕਸੀਜਨ ਦੀ ਲੋੜ ਪੈਣ 'ਤੇ ਵਰਤੋਂ 'ਚ ਲਿਆਂਦਾ ਜਾ ਸਕੇਗਾ। ਕੋਰੋਨਾ ਮਰੀਜ਼ਾਂ ਦੇ ਇਲਾਜ 'ਚ ਆਕਸੀਜਨ ਦੀ ਕੋਈ ਦਿੱਕਤ ਨਹੀਂ ਆਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿਚ ਹੁਣ ਤੱਕ 5 ਲੱਖ 42 ਹਜ਼ਾਰ 598 ਆਰ ਟੀ ਪੀ ਸੀ ਆਰ ਅਤੇ ਆਰ ਏ ਟੀ ਟੈਸਟ ਕੀਤੇ ਜਾ ਚੁੱਕੇ ਹਨ ਤੇ ਇਹ ਟੈਸਟ ਕਰਨ ਦੀ ਪ੍ਰਕਿਰਿਆ ਨਿਰੰਤਰ ਜਾਰੀ ਹੈ ਅਤੇ ਆਉਣ ਵਾਲੇ ਸਮੇਂ 'ਚ ਹਰ ਰੋਜ਼ ਟੈਸਟਾਂ ਦੀ ਗਿਣਤੀ ਵਧਾਈ ਜਾਵੇਗੀ। ਉਨ੍ਹਾ ਕਿਹਾ ਕਿ ਕੋਰੋਨਾ ਮਾਮਲਿਆਂ ਦੀ ਰੋਕਥਾਮ ਲਈ, ਜਾਂਚ, ਨਿਗਰਾਨੀ, ਇਲਾਜ, ਟੀਕਾਕਰਨ ਅਤੇ ਕੋਵਿਡ ਦੇ ਉਚਿੱਤ ਵਿਵਹਾਰ ਦੀ ਪਾਲਣਾ ਸਮੇਤ ਸਭ ਤਿਆਰੀਆਂ ਮੁਕੰਮਲ ਹਨ। ਡਾ. ਦਵਿੰਦਰ ਢਾਂਡਾ ਨੇ ਦੱਸਿਆ ਕਿ ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਜਾਗਰੂਕਤਾ ਗਤੀਵਿਧੀਆਂ ਬੇਹੱਦ ਜ਼ਰੂਰੀ ਹਨ। ਇਸ ਲਈ ਸਰਕਾਰੀ ਸਿਹਤ ਸੰਸਥਾਵਾਂ ਅਤੇ ਫੀਲਡ ਸਟਾਫ ਵੱਲੋਂ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਸਮੇਂ ਹੀ ਮਾਸਕ ਆਦਿ ਨਾਲ ਮੂੰਹ ਢਕ ਕੇ ਰੱਖਣ ਅਤੇ ਇਕ ਦੂਜੇ ਤੋਂ 2 ਗਜ਼ ਦਾ ਫ਼ਾਸਲਾ ਰੱਖਣ, ਸਾਬਣ ਆਦਿ ਨਾਲ ਵਾਰ-ਵਾਰ ਹੱਥ ਧੋਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾ ਨੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਗਲੇ ਆਉਣ ਵਾਲੇ ਤਿਉਹਾਰਾਂ ਵੱਡੀਆਂ ਭੀੜਾਂ ਤੋਂ ਦੂਰ ਰਹਿਣ ਤੇ ਕੋਵਿਡ-19 ਸੰਬੰਧੀ ਹਦਾਇਤਾਂ ਦੀ ਸਖਤੀ ਨਾਲ ਪਾਲਣ ਕਰਨ ਦੀ ਅਪੀਲ ਕੀਤੀ ਹੈ। ਜੇਕਰ ਅਸੀਂ ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਕੋਵਿਡ-19 ਸੰਬੰਧੀ ਸਾਵਧਾਨੀਆਂ ਦੀ ਸੁਹਿਰਦਤਾ ਨਾਲ ਪਾਲਣਾ ਕਰਦੇ ਹਾਂ ਤਾਂ ਕੋਰੋਨਾ ਦੀ ਅਗਲੀ ਸੰਭਾਵਿਤ ਲਹਿਰ ਨੂੰ ਰੋਕਣ 'ਚ ਜ਼ਰੂਰ ਕਾਮਯਾਬ ਹੋਵਾਂਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਉਣ ਵਾਲੇ ਤਿਉਹਾਰਾਂ ਦੌਰਾਨ ਬਜ਼ਾਰਾਂ 'ਚ ਭੀੜ ਭਰੀਆਂ ਥਾਵਾਂ 'ਤੇ ਜਾਣ ਦੀ ਬਜਾਏ ਘਰਾਂ 'ਚ ਰਹਿ ਕੇ ਹੀ ਆਪਣੇ ਪਿਆਰਿਆਂ, ਪਰਵਾਰ ਦੇ ਜੀਆਂ ਅਤੇ ਰਿਸ਼ਤੇਦਾਰਾਂ ਨਾਲ ਤਿਉਹਾਰਾਂ ਦਾ ਆਨੰਦ ਲੈਣ।

ਸਿਵਲ ਸਰਜਨ ਨੇ ਇਹ ਵੀ ਕਿਹਾ ਕਿ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਬਿਮਾਰੀ ਦੇ ਮਾੜੇ-ਮੋਟੇ ਲੱਛਣ ਦਿਸਣ 'ਤੇ ਤੁਰੰਤ ਟੈਸਟ ਕਰਵਾਉਣ।

ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨੂੰ 15 ਹਜ਼ਾਰ ਦੀ ਰਾਸ਼ੀ ਭੇਟ

ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)ਸਰਕਾਰੀ ਪ੍ਰਾਇਮਰੀ ਸਕੂਲ ਮੂਨਕ ਖੁਰਦ ਦੇ ਹੈੱਡਮਾਸਟਰ ਗੁਰਦਿਆਲ ਸਿੰਘ ਤੇ ਸਮੂਹ ਸਟਾਫ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਕੂਲ ਵਿੱਚ ਫਰਸ਼ ਪਾਉਣ ਦੇ ਸ਼ੁਰੂ ਕੀਤੇ ਵਿੱਚ ਕੰਮ ਵਿੱਚ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਮੂਨਕ ਖੁਰਦ ਵੱਲੋਂ ਵੀ ਸੰਗਤਾਂ ਦੇ ਸਹਿਯੋਗ ਨਾਲ ਇੱਕਤਰ ਕੀਤੀ 15 ਹਜ਼ਾਰ ਰੁਪਏ ਦੀ ਰਾਸ਼ੀ ਹੈੱਡਮਾਸਟਰ ਗੁਰਦਿਆਲ ਸਿੰਘ ਨੂੰ ਭੇਟ ਕਰਦਿਆ ਪ੍ਰਧਾਨ ਤੀਰਥ ਸਿੰਘ ਨੇ ਹੋਰ ਵੀ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਇਸ ਕਾਰਜ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ ਜਿਸ ਨਾਲ ਸਾਡੇ ਬੱਚਿਆਂ ਨੂੰ ਪਿੰਡ ਵਿੱਚ ਹੀ ਸਿੱਖਿਆ ਮਿਲੇਗੀ। ਇਸ ਮੌਕੇ ਪੰਚ ਅਮਰਜੀਤ ਸਿੰਘ, ਕੈਸ਼ੀਅਰ ਪਰਮਜੀਤ ਸਿੰਘ ਪੰਮੀ, ਹੈੱਡਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁਖਵਿੰਦਰ ਸਿੰਘ ਮੂਨਕ, ਸਰਬਜੀਤ ਸਿੰਘ ਮੋਮੀ, ਗੁਰਦੀਪ ਸਿੰਘ ਦੀਪਾ, ਪੰਚ ਮਨਪ੍ਰੀਤ ਕੌਰ, ਸੂਬੇਦਾਰ ਗੁਰਨਾਮ ਸਿੰਘ, ਸੂਬੇਦਾਰ ਅਮਰਨਾਥ, ਰਾਮਨਰਾਇਣ ਸਿੰਘ, ਸਰਵਣ ਸਿੰਘ, ਰਵਿੰਦਰ ਸਿੰਘ ਬਿੱਟੂ, ਸੁਰਜੀਤ ਸਿੰਘ ਕਾਲਾ, ਮਨਜੀਤ ਸਿੰਘ ਬੱਬਲੂ, ਹਰਪ੍ਰੀਤ ਸਿੰਘ ਹੈਪੀ, ਜਸਨਪਰੀਤ ਸਿੰਘ, ਅਵਤਾਰ ਸਿੰਘ ਬਿੱਟੂ ਤੋਂ ਇਲਾਵਾ ਹੋਰ ਹਾਜ਼ਰ ਸਨ।

ਮਾਜਰੀ ਵਿਖੇ ਵਿੱਦਿਅਕ ਮੁਕਾਬਲੇ ਕਰਵਾਏ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) ਸਾਹਿਬਜ਼ਾਦਿਆਂ ਦੀ ਅਦੁੱਤੀ ਸਹਾਦਤ ਨੂੰ ਸਮਰਪਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਮਾਜਰੀ ਵਿਖੇ ਵਿੱਦਿਅਕ ਮੁਕਾਬਲੇ ਕਰਵਾਏ ਗਏ। ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਮੌਕੇ ਗੀਤ, ਕਵਿਤਾਵਾਂ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀ ਗਈ। ਇਹਨਾਂ ਵਿਦਿਅਕ ਮੁਕਾਬਲਿਆਂ ਵਿੱਚ ਉਚੇਚੇ ਤੌਰ ਤੇ ਪਹੁੰਚੇ ਲਖਵੀਰ ਸਿੰਘ ਇਟਲੀ (ਐੱਨ ਆਰ ਆਈ) ਨੇ ਆਪਣੀ ਨੇਕ ਕਮਾਈ ਵਿਚੋਂ ਸਕੂਲ ਦੇ ਵਿਕਾਸ ਲਈ ਦਸ ਹਜਾਰ ਰੁਪਏ ਦਿੱਤੇ। ਸਕੂਲ ਦੇ ਮੁੱਖ ਅਧਿਆਪਕ ਜਗਵਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਅਧਿਆਪਕ ਗੁਰਬਿੰਦਰ ਸਿੰਘ, ਪਿੰਡ ਦੇ ਸਰਪੰਚ ਸੁਰਜੀਤ ਸਿੰਘ ਅਤੇ ਪੰਚਾਇਤ ਮੈਂਬਰਜ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵੀਰ ਸਿੰਘ ਅਤੇ ਕਮੇਟੀ ਮੈਂਬਰਜ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਗਾਇਕ ਪੇਜੀ ਸ਼ਾਹਕੋਟੀ ਦਾ ਸਿੰਗਲ ਵੀਡੀਓ ਟਰੈਕ 'ਹੱਸ-ਹੱਸ ਕਰ ਦੇ ਤਿਆਰ ਦਾਦੀਏ' ਰਿਲੀਜ਼ ਲਈ ਤਿਆਰ

ਫਗਵਾੜਾ (ਜਸਵਿੰਦਰ ਢੱਡਾ) : ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਗਾਇਕ ਪੇਜੀ ਸ਼ਾਹਕੋਟੀ ਦਾ ਸਿੰਗਲ ਵੀਡੀਓ ਟਰੈਕ 'ਹੱਸ-ਹੱਸ ਕਰ ਦੇ ਤਿਆਰ ਦਾਦੀਏ' ਰਿਲੀਜ਼ ਲਈ ਤਿਆਰ ਹੈ। ਗਾਇਕ ਪੇਜੀ ਸ਼ਾਹਕੋਟੀ ਜੋ ਕਿ ਉਸਤਾਦ ਗਾਇਕ ਪੂਰਨ ਸ਼ਾਹਕੋਟੀ ਦੇ ਸਪੁੱਤਰ ਅਤੇ ਪ੍ਰਸਿੱਧ ਗਾਇਕ ਮਾਸਟਰ ਸਲੀਮ ਦੇ ਛੋਟੇ ਵੀਰ ਹਨ, ਉਨ੍ਹਾ ਨੇ ਪਰਵਾਰ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਬਹੁਤ ਹੀ ਸੁਰੀਲੀ ਅਵਾਜ਼ 'ਚ ਇਸ ਭਾਵੁਕ ਕਰ ਦੇਣ ਵਾਲੇ ਧਾਰਮਿਕ ਗੀਤ ਨੂੰ ਗਾਇਆ ਹੈ। ਰਿਸ਼ੀ ਲਾਹੌਰੀ ਪ੍ਰੋਡਕਸ਼ਨ ਦੀ ਇਸ ਪੇਸ਼ਕਸ਼ ਨੂੰ ਰਿਸ਼ੀ ਲਾਹੌਰੀ ਵੱਲੋਂ ਹੀ ਕਲਮਬੰਦ ਕੀਤਾ ਗਿਆ ਹੈ ਅਤੇ ਤਾਰ-ਏ-ਬੀਟ ਬਰੇਕਰ ਨੇ ਸੰਗੀਤ ਨਾਲ ਸਜਾਇਆ ਹੈ। ਡਾਇਰੈਕਟਰ ਦੀਪਕ ਨਾਹਰ ਦੇ ਨਿਰਦੇਸ਼ਨ 'ਚ ਤਿਆਰ ਸਿੰਗਲ ਟਰੈਕ ਵੀਡੀਓ ਦੀ ਮਿਕਸਿੰਗ ਅਨਿਲ ਸ਼ਰਮਾ ਨੇ ਜਦਕਿ ਅਡੀਟਿੰਗ ਰਾਜੇਸ਼ ਕਪੂਰ ਨੇ ਕੀਤੀ ਹੈ। ਨਿਰਮਾਤਾ ਰਿਸ਼ੀ ਲਾਹੌਰੀ ਅਤੇ ਨਿਰਦੇਸ਼ਕ ਦੀਪਕ ਨਾਹਰ ਨੇ ਦੱਸਿਆ ਕਿ ਸ਼ਹੀਦੀ ਗੁਰਪੁਰਬ ਮੌਕੇ ਇਹ ਸਿੰਗਲ ਟਰੈਕ ਯੂ-ਟਯੂਬ ਸਮੇਤ ਹੋਰ ਚੈਨਲਾਂ 'ਤੇ ਦੇਖਿਆ ਤੇ ਸੁਣਿਆ ਜਾ ਸਕੇਗਾ। ਉਨ੍ਹਾ ਸਹਿਯੋਗ ਲਈ ਗਾਇਕ ਅੰਮ੍ਰਿਤ ਸਾਬ੍ਹ ਯੂ.ਕੇ., ਚੰਦਨ ਦ੍ਵਿਵੜ, ਡੀ ਓ ਪੀ ਮਨੀਸ਼ ਅੰਗੁਰਾਲ, ਮੇਕਅੱਪ ਮੈਨ ਸਚਿਨ ਨਾਹਰ, ਦੇਵ ਵਿਰਕ ਅਤੇ ਪ੍ਰੋਡਕਸ਼ਨ ਮੈਨੇਜਰ ਆਂਚਲ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਭਰੋਸਾ ਜਤਾਇਆ ਕਿ ਇਹ ਧਾਰਮਿਕ ਪੇਸ਼ਕਸ਼ ਸਰੋਤਿਆਂ ਨੂੰ ਰੂਹਾਨੀਅਤ ਦੇ ਨਾਲ ਜੋੜੇਗੀ।

ਗੁਰੂ ਜੀ ਨੇ ਹੱਕ ਸੱਚ ਲਈ ਲੜਨ ਦਾ ਸੁਨੇਹਾ ਦਿੱਤਾ : ਬਰਸਟ

ਚੰਡੀਗੜ੍ਹ (ਗੁਰਜੀਤ ਬਿੱਲਾ) : ਆਮ ਆਦਮੀ ਪਾਰਟੀ (ਆਪ) ਦੇ ਪੰਜਾਬ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਨੇ ਸ਼ਹੀਦੀ ਹਫਤੇ ਮੌਕੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀਆਂ ਅਦੁੱਤੀਆਂ ਕੁਰਬਾਨੀਆਂ ਨੂੰ ਸੀਸ ਝੁਕਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸੋਮਵਾਰ ਨੂੰ ਪਾਰਟੀ ਦਫਤਰ ਤੋਂ ਜਾਰੀ ਇੱਕ ਬਿਆਨ ਵਿੱਚ 'ਆਪ' ਆਗੂ ਨੇ ਕਿਹਾ ਕਿ ਦਸਮ ਪਾਤਸ਼ਾਹ ਅਤੇ ਉਨ੍ਹਾਂ ਦੇ ਸਮੁੱਚੇ ਪਰਵਾਰ ਨੇ ਇਨਸਾਨੀਅਤ ਅਤੇ ਧਰਮ ਦੀ ਰੱਖਿਆ ਲਈ ਲਾਸਾਨੀ ਸ਼ਹਾਦਤਾਂ ਦਿੱਤੀਆਂ ਜੋ ਕੁੱਲ ਦੁਨੀਆ ਲਈ ਮਿਸਾਲ ਹਨ। ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰਕੇ ਅਤੇ ਧਾਰਮਿਕ ਅਜ਼ਾਦੀ ਨੂੰ ਆਪਣੀ ਜਾਨ ਨਾਲੋਂ ਵੱਧ ਅਹਿਮੀਅਤ ਦੇ ਕੇ ਉਨ੍ਹਾਂ ਮਾਨਵਤਾ ਨੂੰ ਹੱਕ ਸੱਚ ਲਈ ਲੜਨ ਦਾ ਸੁਨੇਹਾ ਦਿੱਤਾ।

ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਦਸਮੇਸ਼ ਪਿਤਾ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦੇ ਇਤਿਹਾਸ ਤੋਂ ਜਾਣੂ ਕਰਵਾਈਏ, ਜਿਨ੍ਹਾਂ ਨੇ ਛੋਟੀਆਂ ਉਮਰਾਂ 'ਚ ਹੀ ਵੱਡੀਆਂ ਸ਼ਹਾਦਤਾਂ ਦਿੱਤੀਆਂ। ਉਨ੍ਹਾ ਕਿਹਾ ਕਿ ਖਾਲਸੇ ਦੇ ਪਿਤਾ ਨੇ ਆਪਣੇ ਪੰਥ ਤੋਂ ਪੂਰਾ ਪਰਵਾਰ ਵਾਰ ਦਿੱਤਾ ਅਤੇ ਅੱਜ ਅਸੀਂ ਉਨ੍ਹਾਂ ਨੂੰ ਨਮਨ ਕਰਨ ਦੇ ਨਾਲ ਨਾਲ ਹਮੇਸ਼ਾ ਹਰ ਧਰਮ ਦੇ ਸਨਮਾਨ ਅਤੇ ਲੋਕਾਂ ਦੀ ਅਜ਼ਾਦੀ ਲਈ ਅਵਾਜ਼ ਬੁਲੰਦ ਕਰਨ ਦਾ ਪ੍ਰਣ ਕਰੀਏ।

ਇੰਨੋਕਿਡਜ਼ (ਸੀ ਜੇ ਆਰ) 'ਚ ਬੱਚਿਆਂ ਨੇ ਦਿਖਾਈ ਆਪਣੀ ਪ੍ਰਤਿਭਾ

ਜਲੰਧਰ -(ਸੈਲੀ ਐਲਬਰਟ)- ਇੰਨੋਸੈਂਟ ਹਾਰਟਸ (ਕੈਂਟ-ਜੰਡਿਆਲਾ ਰੋਡ) ਦੇ ਇੰਨੋਕਿਡਜ਼ ਦੇ ਨੰਨੇ-ਮੁੰਨ੍ਹਿਆਂ ਨੇ ਵਿਵੇਸ਼ੀ ਅਸਵਾਈ ਥ੍ਰੈਂਸ ਪ੍ਰੋਗਰਾਮ ਵਿੱਚ ਆਪਣੀ ਰੰਗਦਾਰ ਪੇਸ਼ਕਾਰੀ ਨਾਲ ਸਭ ਨੂੰ ਮੰਤਰਮੁਗਧ ਕਰ ਦਿੱਤਾ।ਪ੍ਰੋਗਰਾਮ ਦੀ ਸ਼ੁਰੂਆਤ ਸ਼੍ਰੀ ਗਣੇਸ਼ ਵੰਦਨਾ ਨਾਲ ਕੀਤੀ ਗਈ।ਜਿਸ ਨੂੰ ਗ੍ਰੇਡ ਡਿਸਕਵਰ ਦੇ ਬੱਚਿਆਂ ਵੱਲੋਂ ਪੇਸ਼ ਕੀਤਾ।ਬੱਚਿਆਂ ਵੱਲੋਂ ਮਾਪਿਆਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਦੀ ਭੂਮਿਕਾ ਸ੍ਰੀਮਤੀ ਗੁਰਮੀਤ ਕੌਰ (ਕੋਆਰਡੀਨੇਟਰ ਇੰਨੋਕਿਡਜ਼) ਨੇ ਨਿਭਾਈ।ਭਾਰਤ ਵਿਚ ਮਿਲਣ ਵਾਲੀਆਂ ਸਾਰੀਆਂ ਰੁੱਤਾਂ ਤੇ ਬੱਚਿਆਂ ਦੇ ਡਾਂਸ ਪ੍ਰਦਰਸ਼ਨ ਵਿੱਚ ਭਾਰਤੀ ਸੱਭਿਆਚਾਰ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ।ਗਰਮੀਆਂ ਦੇ ਮੌਕੇ ਐਕਸਪਲੋਰਰਜ਼ ਦੇ ਬੱਚਿਆਂ ਵੱਲੋਂ ਸਮਰ-ਸਮਰ-ਸਮਰ, ਵਾਟ ਡੂ ਯੂ ਲਾਈਕ ਟੂ ਸਮਰ ਡਾਂਸ ਨੇ ਦਰਸ਼ਕਾਂ ਦਾ ਮਨ ਮੋਹ ਲਿਆ।ਇਸ ਤੋਂ ਬਾਅਦ ਬਰਸਾਤ ਦੇ ਮੌਸਮ ਤੇ ਡਿਸਕਵਰਜ਼ ਵੱਲੋਂ ਪੇਸ਼ ਕੀਤਾ ਡਾਂਸ ਬਰਸੋ ਰੇ ਮੇਘਾ ਨੇ ਸਭ ਨੂੰ ਮੋਹਲਿਆ। ਸਕਾਲਰਸ ਵੱਲੋਂ ਪੇਸ਼ ਕੀਤਾ ਗਿਆ। ਬਸੰਤੀ ਨਾਚ 'ਰੁੱਤ ਆ ਗਈ ਰੇ' ਸਾਰਿਆਂ ਦੀ ਖਿੱਚ ਦਾ ਕੇਂਦਰ ਰਿਹਾ।ਇੰਨੋਸੈਂਟ ਹਾਰਟਸ ਦੇ ਬੱਚਿਆਂ ਵੱਲੋਂ ਪੇਸ਼ਕੀਤੇ ਗਏ ਹਿੱਪ-ਹੋਪ ਡਾਂਸਦੀਸਭ ਨੇ ਸ਼ਲਾਘਾ ਕੀਤੀ। ਮੁੱਖ ਮਹਿਮਾਨ ਨੇ ਬੱਚਿਆਂ ਵੱਲੋਂ ਪੇਸ਼ ਕੀਤੇ ਰੰਗਾ ਰੰਗ ਪ੍ਰੋਗਰਾਮ ਦੀ ਸ਼ਲਾਘਾ ਕੀਤੀ।ਸ਼੍ਰੀਮਤੀ ਅਲਕਾ ਅਰੋੜਾ (ਡਿਪਟੀ ਡਾਇਰੈਕਟਰ ਇੰਨੋਕਿਡਜ਼) ਨੇ ਦੱਸਿਆ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮੰਤਵ ਬੱਚਿਆਂ ਦੇ ਮਨਾਂ ਵਿੱਚੋਂ ਸਟੇਜੀ ਡਰ ਨੂੰ ਦੂਰ ਕਰਨਾ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ਼ ਪੈਦਾ ਕਰਨਾ ਹੈ। ਉਨ੍ਹਾਂ ਨੇ ਮਾਪਿਆਂ ਨੂੰ ਕਿਹਾ ਕਿ ਉਹ ਬੱਚਿਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਨ ਦੀ ਪੂਰੀ ਕੋਸ਼ਿਸ਼ ਕਰਨ।ਅੰਤ ਵਿੱਚ ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ।

ਦਰਬਾਰ ਪੀਰ ਮੀਆਂ ਹਸਨ ਮੁਹੰਮਦ ਸ਼ਾਹ ਸਯਦ ਦੀ ਮਜ਼ਾਰ 'ਤੇ ਸਾਲਾਨਾ ਜੋੜ ਮੇਲਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਹਰਮੇਇਆ ਵਿਖੇ ਦਰਬਾਰ ਪੀਰ ਮੀਆਂ ਹਸਨ ਮੁਹੰਮਦ ਸ਼ਾਹ ਸਯਦ ਦੀ

28-DectPage 9.qxd 12/27/2022 10:27 PM Page 1

ਜਲੰਧਰ, ਹੁਸ਼ਿਆਰਪੁਰ, ਫਗਵਾੜਾ, ਮੋਗਾ ਤੇ ਪਠਾਨਕੋਟ 'ਚ ਲੱਗੇ ਪਾਸਪੋਰਟ ਮੇਲੇ

ਜਲੰਧਰ, (ਸੈਲੀ ਐਲਬਰਟ, ਸੁਰਿੰਦਰ ਕੁਮਾਰ) ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵਲੋਂ ਦਿੱਤੇ ਗਏ ਨਿਰਦੇਸ਼ਾਂ ਤਹਿਤ ਬਿਨੈਕਾਰਾਂ ਦੀ ਸਹੂਲਤ ਲਈ ਜਲੰਧਰ, ਹੁਸ਼ਿਆਰਪੁਰ, ਫਗਵਾੜਾ, ਮੋਗਾ ਅਤੇ ਪਠਾਨਕੋਟ ਵਿਖੇ ਪਾਸਪੋਰਟ ਮੇਲੇ ਲਗਾਏ ਗਏ ਜਿਥੇ ਬਿਨੈਕਾਰਾਂ ਦੀਆਂ ਮੁਲਾਕਾਤਾਂ ਦਾ ਸਮਾਂ ਨਿਸ਼ਚਿਤ ਕਰਨ ਦੇ ਨਾਲ-ਨਾਲ ਲੋੜੀਂਦੀ ਪ੍ਰਕਿਰਿਆ ਅਮਲ ਵਿੱਚ ਲਿਆਂਦੀ ਗਈ। ਖੇਤਰੀ ਪਾਸਪੋਰਟ ਅਫ਼ਸਰ ਯਸ਼ਪਾਲ ਨੇ ਇਨ੍ਹਾਂ ਪਾਸਪੋਰਟ ਮੇਲਿਆਂ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜਲੰਧਰ ਪਾਸਪੋਰਟ ਸੇਵਾ ਕੇਂਦਰ-1 ਵਿਖੇ ਕੁੱਲ 695 ਅਪੁਆਇੰਟਮੈਂਟਾਂ ਜਾਰੀ ਕੀਤੀਆਂ ਗਈਆਂ ਜਿਸ ਵਿੱਚ 278 ਆਮ ਅਤੇ 417 ਤੱਤਕਾਲ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 466 ਅਪੁਆਇੰਟਮੈਂਟਾਂ ਮੌਕੇ 'ਤੇ ਹੀ ਬੁੱਕ ਕੀਤੀਆਂ ਗਈਆਂ ਜਿਨ੍ਹਾਂ ਵਿੱਚ 275 ਆਮ ਅਤੇ 191 ਤੱਤਕਾਲ ਅਪੁਆਇੰਟਮੈਂਟਾਂ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਅਧਿਕਾਰੀਆਂ ਵਲੋਂ 232 ਆਮ ਅਤੇ 82 ਤੱਤਕਾਲ ਅਪੁਆਇੰਟਮੈਂਟਾਂ ਸਬੰਧੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਗਿਆ। ਖੇਤਰੀ ਪਾਸਪੋਰਟ ਅਫ਼ਸਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਵਲੋਂ ਫ਼ੈਸਲਾ ਲਿਆ ਗਿਆ ਕਿ ਪਾਸਪੋਰਟ ਮੇਲੇ ਲਗਾਕੇ ਇਹ ਯਕੀਨੀ ਬਣਾਇਆ ਜਾਵੇ ਕਿ ਬਿਨੈਕਾਰਾਂ ਨੂੰ ਆਮ ਅਤੇ ਤੱਤਕਾਲ ਅਪੁਆਇੰਟਮੈਂਟ ਜਲਦ ਤੋਂ ਜਲਦ ਹਾਸਿਲ ਕਰ ਸਕਣ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਗਿਆ ਹਾਲ ਹੀ ਵਿੱਚ ਤੱਤਕਾਲ ਅਪੁਆਇੰਟਮੈਂਟ ਤਹਿਤ ਅਗਲੇ ਕੰਮ ਵਾਲੇ ਦਿਨ ਦਾ ਸਮਾਂ ਮਿਲ ਜਾਂਦਾ ਹੈ।

ਖੇਤਰੀ ਪਾਸਪੋਰਟ ਅਫ਼ਸਰ ਨੇ ਅੱਗੇ ਦੱਸਿਆ ਕਿ ਪਾਸਪੋਰਟ ਸੇਵਾ ਕੇਂਦਰ ਜਲੰਧਰ-2 ਵਿਖੇ 695 ਅਪੁਆਇੰਟਮੈਂਟਾਂ ਜਿਨਾਂ ਵਿੱਚ 278 ਆਮ ਅਤੇ 417 ਤੱਤਕਾਲ ਅਪੁਆਇੰਟਮੈਂਟਾਂ ਸ਼ਾਮਲ ਹਨ ਜਾਰੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 278 ਆਮ ਅਤੇ 131 ਤੱਤਕਾਲ ਅਪੁਆਇੰਟਮੈਂਟਾਂ ਬੁੱਕ ਕਰਨ ਤੋਂ ਇਲਾਵਾ 233 ਆਮ ਅਤੇ 60 ਤੱਤਕਾਲ ਅਪੁਆਇੰਟਮੈਂਟਾਂ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਖੇਤਰੀ ਪਾਸਪੋਰਟ ਅਫ਼ਸਰ ਨੇ ਦੱਸਿਆ ਕਿ ਪਾਸਪੋਰਟ ਮੇਲਾ ਹੁਸ਼ਿਆਰਪੁਰ ਵਿਖੇ ਵੀ ਲਗਾਇਆ ਗਿਆ ਜਿਥੇ 695 ਅਪੁਆਇੰਟਮੈਂਟਾਂ ਜਾਰੀ ਕੀਤੀਆਂ ਗਈਆਂ ਜਦਕਿ 381 ਅਪੁਆਇੰਮੈਂਟ ਬੁੱਕ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਵਿਖੇ ਆਮ ਤੇ ਤੱਤਕਾਲ ਸ਼੍ਰੇਣੀ ਦੀਆਂ 288 ਅਪੁਆਇੰਟਮੈਂਟਾਂ ਸਬੰਧੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮੋਗਾ ਅਤੇ ਫਗਵਾੜਾ ਵਿਖੇ 95-95 ਅਜਿਹੀਆਂ ਅਪੁਆਇੰਟਮੈਂਟਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਮੋਗਾ ਵਿਖੇ 64 ਅਤੇ ਫਗਵਾੜਾ ਵਿਖੇ 81 ਅਪੁਆਇੰਟਮੈਂਟਾਂ ਦੀ ਪ੍ਰਕਿਰਿਆ ਨੂੰ ਅਮਲ ਵਿੱਚ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਫਗਵਾੜਾ ਵਿਖੇ ਪਾਸਪੋਰਟ ਮੇਲੇ ਦੌਰਾਨ ਕੁੱਲ 95 ਅਪੁਆਇੰਟਮੈਂਟਾਂ ਜਾਰੀ ਕਰਨ ਤੋਂ ਇਲਾਵਾ 70 ਅਪੁਆਇੰਟਾਂ 'ਤੇ ਪ੍ਰਕਿਰਿਆ ਆਰੰਭੀ ਗਈ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਖ਼ੂਨਦਾਨ ਕੈਂਪ ਅੱਜ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ) : ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਤੀਸਰਾ ਵਿਸ਼ਾਲ ਖ਼ੂਨਦਾਨ ਕੈਂਪ 28 ਦਸੰਬਰ ਦਿਨ ਬੁੱਧਵਾਰ ਨੂੰ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਲਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਰੁਣ ਸ਼ਰਮਾ ਅਤੇ ਚੇਅਰਮੈਨ ਸੁਰਿੰਦਰਪਾਲ ਸਿੰਘ ਸੋਢੀ, ਜਰਨਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਕੈਂਪ ਬਲੱਡ ਡੋਨਰ ਵੇਲਫੇਅਰ ਸੁਸਾਇਟੀ ਦਸੂਹਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਉਕਤ ਕੈਂਪ ਦਾ ਉਦਘਾਟਨ ਸਵੇਰੇ 9 ਵਜੇ ਸਮੂਹ ਅਹੁਦੇਦਾਰਾਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਪੂਰੀ ਦੁਨੀਆ ਅੰਦਰ ਕੋਈ ਦੂਸਰੀ ਮਿਸਾਲ ਨਹੀਂ ਮਿਲਦੀ। ਉਨ੍ਹਾ ਕਿਹਾ ਕਿ ਗੁਰੂ ਸਾਹਿਬ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਇਹ ਖ਼ੂਨਦਾਨ ਕੈਂਪ ਲਾਇਆ ਜਾਵੇਗਾ। ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਰੁਣ ਸ਼ਰਮਾ, ਜਨਰਲ ਸਕੱਤਰ ਬਲਵਿੰਦਰ ਸਿੰਘ ਧਾਲੀਵਾਲ, ਗੁਰੂ ਨਾਨਕ ਪ੍ਰੈੱਸ ਕਲੱਬ ਦੇ ਸਰਪ੍ਰਸਤ ਨਰਿੰਦਰ ਸਿੰਘ ਸੋਨੀਆ, ਸਰਪ੍ਰਸਤ ਸਤਪਾਲ ਕਾਲਾ, ਸਰਪ੍ਰਸਤ ਪਰਸਨ ਲਾਲ ਭੋਲਾ, ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸ਼ਨ ਸੁਲਤਾਨਪੁਰ ਲੋਧੀ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ ਕੰਬੋਜ ਵੈਲਫੇਅਰ ਬੋਰਡ ਪੰਜਾਬ, ਚੇਅਰਮੈਨ ਸੁਰਿੰਦਰਪਾਲ ਸਿੰਘ ਸੋਢੀ, ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਸੁਰਿੰਦਰ ਸਿੰਘ ਬੱਬੂ, ਦੀਪਕ ਧੀਰ ਸੀਨੀਅਰ ਮੀਤ ਪ੍ਰਧਾਨ, ਦਿਲਬਾਗ ਸਿੰਘ ਮੀਤ ਪ੍ਰਧਾਨ, ਰਣਜੀਤ ਸਿੰਘ ਮੀਤ ਪ੍ਰਧਾਨ , ਬਿਕਰਮ ਵਿੱਕੀ ਵਾਈਸ ਚੇਅਰਮੈਨ ਅਨੁਸ਼ਾਸਨ ਕਮੇਟੀ, ਕੰਵਲਪ੍ਰੀਤ ਸਿੰਘ ਕੌੜਾ ਸਕੱਤਰ, ਅਸ਼ਵਨੀ ਜੋਸ਼ੀ ਖਜ਼ਾਨਚੀ, ਸਿਮਰਨਜੀਤ ਸਿੰਘ ਖਜ਼ਾਨਚੀ, ਮਨੋਜ ਸ਼ਰਮਾ, ਮੁੱਖ ਸਲਾਹਕਾਰ ਰਾਜਵੀਰ ਸਿੰਘ ਅਮਰਕੋਟ, ਦੀਪਕ ਸ਼ਰਮਾ, ਸੰਦੀਪ ਉਬਰਾਏ, ਬਲਜੀਤ ਸਿੰਘ, ਬਲਜਿੰਦਰ ਸਿੰਘ, ਸੰਦੀਪ ਜੋਸ਼ੀ, ਸਿਮਰਨਜੀਤ ਸਿੰਘ ਮਰੋਕ, ਨਵ ਕਿਰਨ ਲਾਹੌਰੀ, ਕੁਲਦੀਪ ਸਿੰਘ ਖਾਲਸਾ, ਗੁਰਪ੍ਰੀਤ ਸਿੰਘ ਢੋਟ, ਚੰਦਨ ਮੜੀਆ (ਸਾਰੇ ਕਾਰਜਕਾਰਨੀ ਮੈਂਬਰ), ਬੀਬੀ ਕੁਲਵਿੰਦਰ ਕੌਰ ਕੰਵਲ ਬੁਲਾਰਾ ਪ੍ਰੈਸ ਕਲੱਬ ਆਦਿ ਹਾਜ਼ਰ ਸਨ।

ਸੀਟੂ ਦੀ ਅਗਵਾਈ 'ਚ ਮਜ਼ਦੂਰਾਂ ਨੇ ਹਲਕਾ ਵਿਧਾਇਕ ਰਾਹੀਂ ਮੰਗ ਪੱਤਰ ਮੁੱਖ ਮੰਤਰੀ ਨੂੰ ਭੇਜਿਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਇੱਥੇ ਸੀਟੂ ਦੇ ਸੱਦੇ 'ਤੇ ਮੰਗ ਮੁਹਿੰਮ ਤਹਿਤ ਮਜ਼ਦੂਰਾਂ, ਮਨਰੇਗਾ ਮਜਦੂਰਾਂ, ਭੱਠਾ ਮਜ਼ਦੂਰਾ, ਚੌਕੀਦਾਰ, ਆਂਗਣਵਾੜੀ ਵਰਕਰਾਂ ਨੇ ਇਕੱਠੇ ਹੋ ਕੇ ਆਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਹਲਕੇ ਦੇ ਵਿਧਾਇਕ ਡਾਕਟਰ ਰਾਜਕੁਮਾਰ ਦੀ ਰਿਹਾਇਸ਼ ਵਲ ਮਾਰਚ ਕਰਕੇ ਮੰਗ ਪੱਤਰ ਦਿੱਤਾ ਜੋ ਕਿ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜਿਆ ਜਾਵੇਗਾ। ਇਸ ਦੀ ਅਗਵਾਈ ਸੀਟੂ ਦੇ ਜਿਲ੍ਹਾ ਸਕੱਤਰ ਮਹਿੰਦਰ ਕੁਮਾਰ ਬੱਡੋਆਂਣ, ਪ੍ਰਧਾਨ ਕਮਲਜੀਤ ਸਿੰਘ ਰਾਜਪੁਰਾ ਭਾਈਆਂ, ਭੱਠਿਆਂ ਦੇ ਆਗੂ ਧਨਪਤ, ਕਿਸਾਨਾਂ ਦੇ ਸੂਬਾ ਆਗੂ ਗੁਰਨੇਕ ਸਿੰਘ ਭੱਜਲ ਨੇ ਕੀਤੀ ਉਪਰੋਕਤ ਆਗੂਆਂ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕੇਂਦਰ ਅਤੇ ਪੰਜਾਬ ਸਰਕਾਰ ਦੇ ਰਾਜ ਅੰਦਰ ਮਹਿੰਗਾਈ ਤੇ ਬੇਰੋਜ਼ਗਾਰੀ ਲਗਾਤਾਰ ਵਧਦੀ ਜਾ ਰਹੀ ਹੈ। ਪਬਲਿਕ ਸੈਕਟਰ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਘਰਾਣਿਆਂ ਦੇ ਕੋਲ ਵੇਚ ਦਿੱਤਾ ਗਿਆ। ਸਾਰੇ ਸਰਕਾਰੀ, ਅਰਧ ਸਰਕਰੀ ਅਦਾਰਿਆਂ ਅੰਦਰ ਠੇਕਾ ਸਿਸਟਮ ਲਗਾਤਾਰ ਵਧਦਾ ਜਾ ਰਿਹਾ ਹੈ। ਜਿਸ ਨਾਲ ਮਜ਼ਦੂਰਾਂ, ਮੁਲਾਜ਼ਮਾਂ ਦੀ ਲੁੱਟ ਤਿੱਖੀ ਹੋਈ ਹੈ। ਆਗੂਆਂ ਨੇ ਮੰਗ ਕੀਤੀ ਕਿ ਠੇਕਾ ਸਿਸਟਮ ਬੰਦ ਕਰਕੇ ਸਾਰੇ

ਕਿਰਤੀਆਂ ਨੂੰ ਪੱਕਾ ਕੀਤਾ ਜਾਵੇ। ਘੱਟੋ ਘੱਟ ਉਜ਼ਰਤ 26000/ ਮਹੀਨਾ ਕੀਤੀ ਜਾਵੇ। ਮਨਰੇਗਾ ਮਜ਼ਦੂਰਾਂ ਨੂੰ ਸਾਰਾ ਸਾਲ ਕੰਮ ਦਿੱਤਾ ਜਾਏ। ਮਜ਼ਦੂਰਾਂ ਕਿਸਾਨਾਂ ਦੇ ਕਰਜ਼ੇ ਮਾਫ਼ ਕੀਤਾ ਜਾਣ, ਐਮ ਐਸ ਪੀ ਦਾ ਕਾਨੂੰਨ ਬਣਾਇਆ ਜਾਵੇ।

ਮਜ਼ਦੂਰਾਂ ਕਿਸਾਨਾਂ ਦੇ ਸੰਘਰਸ਼ਾਂ ਦੌਰਾਨ ਬਣਾਏ ਝੂੱਠੇ ਕੇਸ ਵਾਪਸ ਕੀਤੇ ਜਾਣ। ਮਜ਼ਦਰਾਂ ਨੂੰ ਦਸ, ਦਸ ਮਰਲੇ ਦੇ ਪਲਾਟ ਤੇ ਤਿੰਨ ਲੱਖ ਰੁਪਏ ਮਕਾਨ ਉਸਾਰਨ ਲਈ ਦਿੱਤੇ ਜਾਣ। ਪਨਬਸ ਦੇ ਕਾਮਿਆਂ ਨੂੰ ਠੇਕਾ ਸਿਸਟਮ ਬੰਦ ਕਰਕੇ ਪੱਕਾ ਕੀਤਾ ਜਾਵੇ। ਬਰਾਬਰ ਕੰਮ ਬਰਾਬਰ ਤਨਖਾਹ ਦਿੱਤੀ ਜਾਵੇ। ਆਗੂਆਂ ਨੇ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰਾਂ ਨੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਦੀਆਂ ਉਪਰੋਕਤ ਮੰਗ ਵੱਲ ਦੀਆਂ ਨਾ ਦਿੱਤਾ, ਸੰਘਰਸ਼ ਤਿੱਖਾ ਕੀਤਾ ਜਵੇਗਾ ਅਤੇ ਪੰਜ ਅਪ੍ਰੈਲ ਦਿੱਲ੍ਹੀ ਪਾਰਲੀਮੈਂਟ ਦੇ ਅੱਗੇ ਰੋਸ ਪ੍ਰਦਰਸ਼ਨ ਵਿਚ ਵਧ ਤੋਂ ਵੱਧ ਸਾਥੀਆਂ ਸਾਥੀਆਂ ਨੂੰ ਜਾਣ ਦੀ ਅਪੀਲ ਕੀਤੀ। ਉਪਰੋਕਤ ਆਗੂਆਂ ਤੋਂ ਇਲਾਵਾ ਇਸ ਇੱਕਠ ਨੂੰ ਬਲਦੇਵ ਰਾਜ ਸਤਨੌਰ, ਰੇਸ਼ਮ ਸਿੰਘ ਭੱਜਾਲ, ਚਮਨ ਲਾਲ ਚਕ ਮਹੰਤ, ਮਹਿੰਦਰ ਸਿੰਘ, ਸੰਤੋਖ ਸਿੰਘ ਭੀਲੋਵਾਲ, ਧਰਮ ਪਾਲ, ਬਲਜੀਤ ਕੌਰ, ਸਵਰਨੀ, ਅੰਜਲੀ ਸੁਨੀਤਾ ਨੇ ਵੀ ਸੰਬੋਧਨ ਕੀਤਾ।

ਜ਼ੀਰਾ ਧਰਨਾਕਰੀਆਂ 'ਤੇ ਕਾਰਵਾਈ ਤੇ ਲਤੀਫ਼ਪੁਰਾ ਦਾ ਉਜਾੜਾ ਅਣਮਨੁੱਖੀ ਤੇ ਗ਼ੈਰ-ਇਖ਼ਲਾਕੀ : ਇਪਟਾ

ਮੁਹਾਲੀ (ਗੁਰਜੀਤ ਬਿੱਲਾ)- ਜ਼ੀਰਾ ਸ਼ਰਾਬ ਫੈਕਟਰੀ ਦੇ ਪ੍ਰਬੰਧਕਾਂ ਵੱਲੋਂ ਦੂਸ਼ਤ ਕੀਤੇ ਜਾ ਰਹੇ ਪਾਣੀ ਅਤੇ ਵਾਤਾਵਰਣ ਤੋਂ ਆਪਣੀ ਫਸਲਾਂ ਤੇ ਨਸਲਾਂ ਨੂੰ ਬਚਾਉਣ ਲਈ ਚਾਲੀ-ਪੰਜਾਹ ਪਿੰਡਾਂ ਦੇ ਵਸਨੀਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਜਬਰੀ ਖਦੇੜਣ ਅਤੇ ਪਿੱਛਲੇ ਸੱਤ ਦਹਾਕਿਆਂ ਤੋਂ ਲਤੀਫ਼ਪੁਰਾ ਰਹਿ ਰਹੇ ਲੋਕਾਂ ਦੇ ਘਰਾਂ ਉਪਰ ਬੇਕਿਰਕੀ ਨਾਲ ਬਲਡੋਜ਼ਰ ਚਲਾਕੇ ਕਹਿਰ ਦੀ ਹੱਡ-ਚੀਰਵੀਂ ਠੰਡ ਵਿਚ ਬੱਚਿਆਂ, ਬਿਰਧਾਂ ਅਤੇ ਔਰਤਾਂ ਨੂੰ ਖੁੱਲੇ ਅਸਮਾਨ ਥੱਲੇ ਰਾਤਾਂ ਗੁਜ਼ਾਰਨ ਲਈ ਮਜਬੂਰ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਨੇ ਪੰਜਾਬ ਦੀ ਆਮ ਆਦਮੀ ਸਰਕਾਰ ਨੂੰ ਚੇਤਾਵਨੀ ਦਿੰਦੇ ਕਿਹਾ ਕਿ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਚੱਲੇ ਕਿਸਾਨ ਅੰਦੋਲਨ ਤੋਂ ਜਾਗਰੂਕ ਅਤੇ ਉਤਸ਼ਾਹਿਤ ਹੋਏ ਅਣਖੀ ਅਤੇ ਦਲੇਰ ਪੰਜਾਬੀ ਜੋ ਭਾਰੀ ਬਹੁਮਤ ਨਾਲ ਸੱਤਾ ਉਪਰ ਬਿਠਾ ਸਕਦੇ ਹਨ ਤਾਂ ਸੱਤਾ ਤੋਂ ਲਾਂਭੇ ਵੀ ਕਰ ਸਕਦੇ ਹਨ।

ਇਪਟਾ, ਪੰਜਾਬ ਦੀ ਜੱਥੇਬੰਦਕ ਸੱਕਤਰ ਸਰਬਜੀਤ ਰੂਪੋਵਾਲੀ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕੰਵਲ ਨੈਣ ਸਿੰਘ ਸੋਖੋਂ ਅਤੇ ਕਰਕੁਨ ਗੁਰਦਿਆਲ ਨਿਰਮਾਣ, ਅਮਨ ਭੋਗਲ, ਦਲਬਾਰ ਸਿੰਘ, ਹਰਜੀਤ ਕੈਂਥ, ਗੁਰਵਿੰਦਰ ਸਿੰਘ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਡਾ.ਹਰਭਜਨ ਸਿੰਘ, ਜਸਬੀਰ ਗਿੱਲ, ਅਸ਼ੋਕ ਪੁਰੀ, ਵਿੱਕੀ ਮਹੇਸਰੀ, ਪੀ.ਟੀ ਸੱਲ ਨੇ ਧਰਨਿਆਂ ਦੀ ਪੈਦਾਵਾਰ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਇਸ ਕਾਰਵਾਈ ਨੂੰ ਅਣਮਨੁੱਖੀ ਅਤੇ ਗ਼ੈਰ ਇਖ਼ਲਾਕੀ ਕਰਾਰ ਦਿੰਦੇ ਆਮ ਆਦਮੀ ਪਾਰਟੀ ਦੇ ਹੋਂਦ ਵਿਚ ਆਉਣ ਤੋਂ ਲੈ ਕੇ ਸਰਕਾਰ ਵਿਚ ਬਣਾਉਣ ਤੱਕ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਕਾਰਕੁਨਾਂ ਸਮੇਤ ਪੰਜਾਬ ਦੇ ਵੱਖ-ਵੱਖ ਵਰਗ ਦੇ ਲੋਕਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ਾਂ ਵਿਚ ਸ਼ਾਮਿਲ ਹੋ ਕੇ ਉਨਾਂ ਦੇ ਸ਼ੰਘਰਸ਼ਾਂ ਨੂੰ ਹੱਕੀ ਅਤੇ ਜਾਇਜ਼ ਕਹਿੰਦੇ ਹੋਏ ਪੂਰਨ ਸਮਰਥੱਨ ਦਿੰਦੇ ਸਨ। ਪਰ ਅਫਸੋਸ ਸੱਤਾ ਪ੍ਰਾਪਤੀ ਤੋਂ ਬਾਅਦ ਇਹੀ ਸੰਘਰਸ਼ੀ ਲੋਕ ਹੁਣ ਮੁੱਖ ਮੰਤਰੀ ਅਤੇ ਉਨਾਂ ਦੀ ਜੁੰਡਲੀ ਨੂੰ ਸੂਬੇ ਦੇ ਵਿਕਾਸ ਦੇ ਰਾਹ ਵਿਚ ਅੜਿੱਕਾ ਜਾਪਣ ਲੱਗ ਗਏ ਹਨ।

ਪੰਜਾਬ ਦੇ ਅਜੋਕੇ ਹਾਲਾਤ ਗੰਭੀਰ ਚਿੰਤਾ ਦਾ ਵਿਸ਼ਾ : ਦਇਆ ਸਿੰਘ

ਜਲੰਧਰ (ਇਕਬਾਲ ਸਿੰਘ ਉੱਭੀ) ਲਗਦਾ ਹੈ ਕਿ ਪੰਜਾਬ ਮੁੜ ਕੇ 1980 ਦੇ ਦਹਾਕੇ ਵੱਲ ਮੁੜ ਰਿਹਾ ਹੈ , ਧਰਮਾਂ ਦੇ ਟਕਰਾ ਦੇ ਨਤੀਜੇ ਪੰਜਾਬ ਤੇ ਪੰਜਾਬ ਤੋਂ ਬਾਹਰ ਬੈਠੇ ਸਿੱਖ ਨੇ ਭੁਗਤੇ ਹਨ । ਲੋੜ ਹੈ ਅਜਿਹੇ ਟਕਰਾਅ ਤੋਂ ਬਚਾਇਆ ਜਾਵੇ ਤੇ ਪੰਜਾਬ ਵਿੱਚ ਫੈਲੀ ਬੇਰੁਜਗਾਰੀ , ਮਹਿੰਗਾਈ , ਪੰਜਾਬ ਤੋਂ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਮੁੱਖ ਵੀ ਅਜਿਹੇ ਸਵਾਲ ਖੜ੍ਹੇ ਕਰ ਰਿਹਾ ਹੈ , ਉਸ ਵੱਲ ਸਰਕਾਰਾਂ ਦਾ ਧਿਆਨ ਦੇਣਾ ਜਰੂਰੀ ਹੈ । ਇਹ ਸ਼ਬਦ ਆਲ ਇੰਡੀਆ ਪੀਸ ਮਿਸ਼ਨ ਦੇ ਆਗੂ ਦਇਆ ਸਿੰਘ ਨੇ ਪੱਤਰਕਾਰ ਸੰਮੇਲਨ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਹੇ । ਨਸ਼ਿਆਂ ਦੀ ਗ਼ਿਫ਼ਤ ਵਿੱਚ ਪੰਜਾਬ ਹੀ ਨਹੀਂ ਬਲਕਿ ਪੂਰਾ ਭਾਰਤ ਵੀ ਹੈ , ਕਿਵੇਂ ਪਿੱਛੇ ਜਿਹੇ ਨਸ਼ਾ ਮਣਾਂਮੂੰਹੀ ਗੁਜਰਾਤ ਏਅਰਪੋਰਟ 'ਤੇ ਉਤਰਨ ਦੀ ਖਬਰਾਂ ਛਪੀਆਂ ਸਨ ਪਰ ਹੁਣ ਕੋਈ ਆਵਾਜ ਹੀ ਨਹੀਂ ਉੱਠ ਰਹੀ । ਅਜਿਹਾ ਤਾਂ ਨਹੀਂ , ਇਸ ਬਹਾਨੇ ਪੰਜਾਬ ਤੇ ਖਾਸ ਤੌਰ ਤੇ ਸਿੱਖ ਨਿਸ਼ਾਨੇ 'ਤੇ ਹੋਵੇ, ਇਹ ਚਿੰਤਾ ਦਾ ਵਿਸ਼ਾ ਹੈ । ਧਰਮ ਦੀ ਆੜ ਵਿੱਚ ਸਿੱਖ ਹੀ ਕਿਉਂ ?

ਪੰਜਾਬ

28-DEC-PAGE-10.qxd 12/27/2022 10:18 PM Page 1

ਮੋਦੀ ਸਰਕਾਰ ਸਿਧਾਂਤਕ ਮੁੱਦਿਆਂ ਤੋਂ ਭਟਕਾ ਕੇ ਲੋਕਾਂ ਨੂੰ ਅਰਾਜਕਤਾ ਦੇ ਮਾਹੌਲ ਵੱਲ ਧੱਕ ਰਹੀ : ਚੌਹਾਨ

■ ਸੀ ਪੀ ਆਈ ਦੀ 97ਵੀਂ ਵਰ੍ਹੇਗੰਢ ਮਨਾਈ

ਮਾਨਸਾ (ਆਤਮਾ ਸਿੰਘ ਪਮਾਰ)-ਮੋਦੀ ਸਰਕਾਰ ਦੇ ਆਉਣ ਨਾਲ ਦੇਸ਼ ਦੀ ਧਰਮ ਨਿਰਪੱਖਤਾ, ਸੰਵਿਧਾਨ ਤੇ ਸੰਵਿਧਾਨਕ ਸੰਸਥਾਵਾਂ 'ਤੇ ਹਮਲਾ ਤੇਜ਼ੀ ਨਾਲ ਬੋਲਿਆ ਗਿਆ, ਪਾਰਲੀਮਾਨੀ ਅਦਾਰਿਆਂ ਦਾ ਗਲਾ ਘੁੱਟ ਕੇ ਆਪਣੇ ਮਿੱਤਰ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਉਣ ਲਈ ਜਨਤਕ ਖੇਤਰ ਤੇ ਕੁਦਰਤੀ ਸਰੋਤ ਕੌਡੀਆਂ ਦੇ ਭਾਅ ਲੁਟਾਏ ਜਾ ਰਹੇ ਹਨ, ਜਿਸ ਨਾਲ ਦੇਸ਼ ਦੀ ਆਤਮ ਨਿਰਭਰਤਾ ਖਤਮ ਹੋ ਰਹੀ ਹੈ ਅਤੇ ਦੇਸ਼ ਦੀ ਡਿੱਗ ਰਹੀ ਆਰਥਿਕ ਸਥਿਤੀ ਨੂੰ ਜਨਤਕ ਹੋਣ ਤੋਂ ਰੋਕਣ ਲਈ ਸਿਧਾਂਤਕ ਮੁੱਦਿਆਂ ਤੋਂ ਭਟਕਾ ਕੇ ਦੇਸ਼ ਦੇ ਲੋਕਾਂ ਨੂੰ ਅਰਾਜਕਤਾ ਵੱਲ ਧੱਕ ਰਹੀ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਸੂਬਾ ਕਾਰਜਕਾਰਨੀ ਮੈਂਬਰ ਤੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ.ਪੀ.ਆਈ. ਦੀ 97ਵੀਂ ਵਰ੍ਹੇਗੰਢ ਮਨਾਉਣ ਉਪਰੰਤ ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਕਮਿਊਨਿਸਟ ਆਗੂ ਨੇ ਸੱਦਾ ਦਿੰਦਿਆਂ ਕਿਹਾ ਕਿ 2024 ਵਿੱਚ ਭਾਜਪਾ ਤੇ ਮੋਦੀ ਜੁੰਡਲੀ ਨੂੰ ਸੱਤਾ ਤੋਂ ਬਾਹਰ ਕਰਨ ਲਈ ਸੀ.ਪੀ.ਆਈ., ਖੱਬੀਆਂ ਧਿਰਾਂ, ਧਰਮ ਨਿਰਪੱਖ ਤੇ ਜਮਹੂਰੀ ਤਾਕਤਾਂ ਵੱਲੋਂ ਏਕਤਾ ਦਾ ਮਾਹੌਲ ਤਿਆਰ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਸਮੇਂ ਉਨ੍ਹਾ ਪਾਰਟੀ ਦੀ ਮਜ਼ਬੂਤੀ ਲਈ ਪਾਰਟੀ ਪ੍ਰੋਗਰਾਮ ਨੂੰ ਹਰ ਵਰਗ ਦੇ ਲੋਕਾਂ ਦੀ ਪਹੁੰਚ ਬਣਾਉਣ ਦੀ ਅਪੀਲ ਕੀਤੀ ਤੇ ਮਜ਼ਬੂਤ ਕਮਿਊਨਿਸਟ ਧਿਰ ਉਸਾਰਨ ਦਾ ਸੱਦਾ ਦਿੱਤਾ। ਪ੍ਰੋਗਰਾਮ ਵੇਦ ਪ੍ਰਕਾਸ਼ ਬੁਢਲਾਡਾ ਤੇ ਅਰਵਿੰਦਰ ਕੌਰ ਦੇ ਪ੍ਰਧਾਨਗੀ ਮੰਡਲ ਹੇਠ ਸ਼ੁਰੂ ਹੋਇਆ ਅਤੇ ਝੰਡਾ ਚੜ੍ਹਾਉਣ ਦੀ ਰਸਮ ਜ਼ਿਲ੍ਹਾ ਲੀਡਰਸ਼ਿਪ ਸੀਤਾ ਰਾਮ ਗੋਬਿੰਦਪੁਰਾ, ਰੂਪ ਸਿੰਘ ਢਿੱਲੋਂ, ਦਲਜੀਤ ਮਾਨਸਾਹੀਆਂ, ਕਾਕਾ ਸਿੰਘ, ਮਨਜੀਤ ਕੌਰ ਗਾਮੀਵਾਲਾ, ਕਿਰਨਾ ਰਾਣੀ ਸਾਬਕਾ ਕੌਂਸਲਰ ਦੀ ਅਗਵਾਈ ਹੇਠ ਕੀਤਾ ਗਿਆ ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਦੀ ਗੂੰਜ ਨਾਲ ਅਕਾਸ਼ ਗੂੰਜਿਆ। ਝੰਡਾ ਚੜ੍ਹਾਉਣ ਉਪਰੰਤ ਸ਼ਾਮਲ ਸਾਥੀਆਂ ਨੂੰ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਦਿਆਲ ਸਿੰਘ, ਸੁਰਜੀਤ ਸਿੰਘ, ਕੇਵਲ ਐੱਮ.ਸੀ., ਸੁਖਰਾਜ ਜੋਗਾ, ਹਰਪ੍ਰੀਤ ਸਿੰਘ, ਹਰਦਿਆਲ ਸਿੰਘ ਭੋਲਾ, ਹਰੀ ਸਿੰਘ ਅੱਕਾਂਵਾਲੀ, ਸੰਤੋਸ਼ ਬੁਢਲਾਡਾ, ਬੰਬੂ ਸਿੰਘ ਫੱਲੂਵਾਲਾ ਡੋਗਰਾ, ਗੋਰਾ ਸਿੰਘ ਟਾਹਲੀਆਂ, ਜੱਗਾ ਸਿੰਘ ਟਾਹਲੀਆਂ, ਹਰਨੇਕ ਸਿੰਘ ਮਾਨਸਾ ਖੁਰਦ, ਸੁਖਦੇਵ ਪੰਧੇਰ, ਬੂਟਾ ਸਿੰਘ ਤੇ ਜੱਗਾ ਸਿੰਘ ਬਾਜੇਵਾਲਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਜਬਰੀ ਛਾਂਟੀ ਖਿਲਾਫ ਠੇਕਾ ਮੁਲਾਜ਼ਮਾਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ

■ 30 ਨੂੰ ਬਰਨਾਲਾ ਜ਼ਿਲ੍ਹਾ ਹੈੱਡਕੁਆਰਟਰ 'ਤੇ ਕੀਤਾ ਜਾਵੇਗਾ ਵਿਸ਼ਾਲ ਇਕੱਠ

ਜਲਾਲਾਬਾਦ (ਜੀਤ ਕੁਮਾਰ)-ਵੱਖ ਵੱਖ ਸਰਕਾਰੀ ਵਿਭਾਗਾਂ 'ਚ ਸਾਲਾਬੱਧੀ ਅਰਸੇ ਤੋਂ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਆਊਟਸੋਰਸ ਤੇ ਇਨਲਿਸਟਮੈਂਟ ਕਾਮਿਆਂ ਦੇ ਕੱਚੇ-ਪਿੲੇ ਰੁਜ਼ਗਾਰ ਨੂੰ ਖੋਹਣ ਲਈ ਜਬਰੀ ਛਾਂਟੀਆਂ ਕਰਨ ਦੇ ਸਰਕਾਰੀ ਹਮਲੇ ਖਿਲਾਫ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਬੈਨਰ ਹੇਠ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਵੱਲੋਂ ਜ਼ਿਲ੍ਹਾ ਹੈੱਡ ਕੁਆਟਰਾਂ 'ਤੇ ਡੀ ਸੀ ਦਫਤਰਾਂ ਅੱਗੇ ਰੋਹ ਭਰਪੂਰ ਧਰਨੇ ਦੇਣ ਉਪਰੰਤ ਸ਼ਹਿਰਾਂ 'ਚ ਮਾਰਚ ਕਰਨ ਦਾ ਐਲਾਨ ਕੀਤਾ ਗਿਆ ਹੈ।

ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂਆਂ ਸ੍ਰੀ ਵਰਿਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਬਲਿਹਾਰ ਸਿੰਘ ਕਟਾਰੀਆ, ਗੁਰਵਿੰਦਰ ਸਿੰਘ ਪੰਨੂ, ਸ਼ੇਰ ਸਿੰਘ ਖੰਨਾ, ਪਵਨਦੀਪ ਸਿੰਘ ਅਮ੍ਰਿਤਸਰ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ ਤੇ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਇਥੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਮੌਜੂਦਾ ਪੰਜਾਬ ਸਰਕਾਰ ਜਿਹੜੀ ਪੰਜਾਬ ਦੇ ਮਿਹਨਤਕਸ਼ ਲੋਕਾਂ ਨਾਲ ਧੋਖਾ ਕਰਕੇ ਸੱਤਾ ਦੀ ਕੁਰਸੀ 'ਤੇ ਬਿਰਾਜ਼ਮਾਨ ਹੋਈ ਹੈ, ਪਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਤੇ ਪੰਜਾਬ ਦੇ ਸਮੂਹ ਮਿਹਨਤਕਸ਼ ਲੋਕਾਂ ਨਾਲ ਗਦਾਰੀ ਕਰਨ ਦੇ ਮਾਮਲੇ 'ਚ ਇਹ ਮੌਜੂਦ ਸਰਕਾਰ ਵੀ, ਪਹਿਲੀਆਂ ਰੰਗ-ਬਰੰਗੀਆਂ ਸਰਕਾਰਾਂ ਨੂੰ ਮਾਤ ਕਰ ਗਈ ਹੈ, ਕਿਉਂਕਿ ਵੋਟਾਂ ਸਮੇਂ ਇਸ ਸਰਕਾਰ ਵੱਲੋਂ ਵੱਖ-ਵੱਖ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਦੇ ਸਮੂਹ ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ ਵਿੱਚ ਮਰਜ਼ ਕਰਕੇ ਰੈਗੂਲਰ ਕਰਨ ਦਨੂੰਾ ਵਾਅਦਾ ਕੀਤਾ ਸੀ, ਜਿਸ ਸਬੰਧੀ ਮੁੱਖ ਮੰਤਰੀ ਪੰਜਾਬ, ਅਦਾਲਤਾਂ ਤੱਕ ਜਾਣ ਦੇ ਹੋਕਰੇ ਵੀ ਮਾਰਦੇ ਰਹੇ ਹਨ, ਅੱਜ ਭਗਤ ਸਿੰਘ ਦੇ ਭੇਸ ਵਿੱਚ ਛੁਪੇ ਇਨ੍ਹਾਂ ਸਾਮਰਾਜੀ ਸੇਵਾਦਾਰਾਂ ਨੇ ਲੋਕਾਂ ਨਾਲ ਗਦਾਰੀ ਕਰਨ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ।

ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ ਅੰਦਰ ਲਿਆ ਕੇ ਰੈਗੂਲਰ ਕਰਨ ਦੀ ਗੱਲ ਤਾਂ ਦੂਰ ਦੀ ਰਹੀ, ਬਾਹਰੋਂ ਪੱਕੀ ਭਰਤੀ ਕਰਕੇ ਆਊਟਸੋਰਸ/ਇਨਲਿਸਟਮੈਂਟ ਮੁਲਾਜ਼ਮਾਂ ਦੀ ਜਿਹੜੇ ਪਿਛਲੇ ਲੰਬੇ ਅਰਸੇ ਤੋਂ ਵਿਭਾਗਾਂ 'ਚ ਸੇਵਾ ਨਿਭਾਅ ਰਹੇ ਹਨ, ਦੀ ਛਾਂਟੀ ਦਾ ਹਮਲਾ ਵਿੱਢ ਦਿੱਤਾ ਹੈ। ਇਸ ਹਮਲੇ ਰਾਹੀਂ ਤਪਾ ਦੇ ਸਰਕਾਰੀ ਹਸਪਤਾਲ, ਪਾਵਰਕਾਮ 'ਚ ਐੱਲ.ਡੀ.ਸੀ. ਦੀ ਭਰਤੀ ਕਰਕੇ ਕੰਪਿਊਟਰ ਉਪਰੇਟਰਾਂ ਦੀ ਛਾਂਟੀ ਕੀਤੀ ਜਾ ਚੁੱਕੀ ਹੈ। ਹੁਣ ਡੀ ਸੀ ਦਫਤਰ ਬਰਨਾਲਾ ਵਿਖੇ ਤਾਇਨਾਤ ਆਊਟਸੋਰਸ ਮੁਲਾਜ਼ਮਾਂ ਦੀ ਛਾਂਟੀ ਦੀ 31 ਦਸੰਬਰ 2022 ਲਈ ਤਿਆਰੀ ਮੁਕੰਮਲ ਕਰ ਲਈ ਹੈ। ਪਾਵਰਕਾਮ 'ਚ ਹਜ਼ਾਰਾਂ ਸਹਾਇਕ ਲਾਈਨਮੈਨਾਂ ਦੀ ਬਾਹਰੋਂ ਪੱਕੀ ਭਰਤੀ ਕਰਕੇ ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨੂੰ, ਵੇਰਕਾ ਮਿਲਕ ਪਲਾਂਟ ਦੇ ਕਾਮਿਆਂ ਦਾ ਰੁਜ਼ਗਾਰ ਖੋਹਣ ਦੀਆਂ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਆਊਟਸੋਰਸ ਤੇ ਇਨਲਿਸਟਮੈਂਟ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦੀ ਥਾਂ ਇਸ ਸਰਕਾਰ ਦੇ ਰਾਜ 'ਚ ਠੇਕਾ ਰੁਜ਼ਗਾਰ ਵੀ ਖਤਰੇ ਦੇ ਮੂੰਹ ਆ ਗਿਆ ਹੈ, ਜਿਸ ਦੀ ਰਾਖੀ ਲਈ ਠੇਕਾ ਮੁਲਾਜ਼ਮਾਂ ਕੋਲ ਸੰਘਰਸ਼ ਤੋਂ ਬਿਨਾਂ ਹੋਰ ਕੋਈ ਰਾਹ ਬਾਕੀ ਨਹੀਂ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦੇ ਇਨ੍ਹਾਂ ਤਬਾਹਕੁੰਨ ਹੱਲਿਆਂ ਖਿਲਾਫ ਠੇਕਾ ਮੁਲਾਜ਼ਮਾਂ ਕੋਲ ਸੰਘਰਸ਼ ਹੀ ਆਪਣੇ ਹੱਕਾਂ ਦੀ ਰਾਖੀ ਦਾ ਇਕੋ ਇਕ ਰਾਹ ਬਾਕੀ ਹੈ, ਜਿਸ 'ਤੇ ਚੱਲ ਕੇ ਹੀ ਉਹ ਆਪਣੇ ਭਵਿੱਖ ਨੂੰ ਬਚਾ ਸਕਦੇ ਹਨ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੈ। ਠੇਕਾ ਮੁਲਾਜ਼ਮ ਮੋਰਚੇ ਦੇ ਆਗੂਆਂ ਨੇ ਆਪਣੇ ਸੰਘਰਸ਼ ਪ੍ਰੋਗਰਾਮ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 30 ਦਸੰਬਰ ਵਾਲੇ ਦਿਨ ਪੰਜਾਬ ਦੇ ਬਰਨਾਲਾ, ਮਾਨਸਾ, ਮਲੇਰਕੋਟਲਾ, ਸੰਗਰੂਰ ਤੇ ਬਠਿੰਡਾ ਜ਼ਿਲ੍ਹਿਆਂ ਦਾ ਸਾਂਝਾ ਵਿਸ਼ਾਲ ਇਕੱਠ ਬਰਨਾਲਾ ਜ਼ਿਲ੍ਹਾ ਹੈੱਡਕੁਆਰਟਰ 'ਤੇ ਕੀਤਾ ਜਾਵੇਗਾ। ਇਥੇ ਪਹਿਲਾਂ ਇੱਕ ਵਿਸ਼ਾਲ ਤੇ ਰੋਹ ਭਰਪੂਰ ਰੈਲੀ ਕਰਕੇ ਸਰਕਾਰ ਦੀ ਕਾਰਪੋਰੇਟ ਪੱਖੀ ਖਸਲਤ ਨੰਗੀ ਕੀਤੀ ਜਾਵੇਗੀ, ਡੀ ਸੀ ਬਰਨਾਲਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜ ਕੇ ਛਾਂਟੀ ਦੇ ਹੁਕਮਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਜਾਵੇਗੀ।

ਇਸ ਤੋਂ ਬਾਅਦ ਬਰਨਾਲਾ ਸ਼ਹਿਰ 'ਚ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਠੀਕ ਇਸੇ ਹੀ ਤਰ੍ਹਾਂ ਪੰਜਾਬ ਦੇ ਹੋਰ ਵੱਖ-ਵੱਖ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਜ਼ਿਲ੍ਹਾ ਪੱਧਰੀ ਇਕੱਠ ਕਰਕੇ, ਰੈਲੀਆਂ ਕਰਕੇ ਡੀ.ਸੀ. ਰਾਹੀਂ ਪੰਜਾਬ ਸਰਕਾਰ ਨੂੰ ਮੰਗ-ਪੱਤਰ ਭੇਜ ਕੇ ਸਾਰੇ ਸ਼ਹਿਰਾਂ 'ਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਇਸ ਦੇ ਬਾਵਜੂਦ ਮੰਗਾਂ ਦਾ ਹੱਲ ਜਿਵੇਂ ਕਿ ਵੱਖ-ਵੱਖ ਵਿਭਾਗਾਂ ਦੇ ਆਊਟਸੋਰਸ ਤੇ ਇਨਲਿਸਟਮੈਂਟ ਠੇਕਾ ਮੁਲਾਜ਼ਮਾਂ ਨੂੰ ਸੰਬੰਧਤ ਵਿਭਾਗਾਂ 'ਚ ਸ਼ਾਮਲ ਕਰਕੇ ਕੱਚੇ ਰੁਜ਼ਗਾਰ ਨੂੰ ਪੱਕਾ ਕਰਨਾ, ਵਿਸ਼ੇਸ਼ ਕਰਕੇ ਠੇਕਾ ਮੁਲਾਜ਼ਮਾਂ ਦੀ ਛਾਂਟੀ ਦੇ ਹੁਕਮਾਂ ਨੂੰ ਰੱਦ ਨਾ ਕੀਤਾ ਗਿਆ ਤਾਂ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਆਪਣੇ ਇਸ ਹੱਕੀ ਸੰਘਰਸ਼ ਨੂੰ ਜਿੱਤ ਤੱਕ ਜਾਰੀ ਰੱਖਣ ਲਈ ਮਜਬੂਰ ਹੋਵੇਗਾ, ਜਿਸ ਲਈ ਪੰਜਾਬ ਸਰਕਾਰ ਖੁਦ ਜ਼ਿੰਮੇਵਾਰ ਹੋਵੇਗੀ।

ਕਾਤਰਾਂ

ਐੱਸ ਐੱਫ ਸੀ ਸਕੂਲ ਦੇ ਵਿਦਿਆਰਥੀ ਨੇ ਜਿੱਤਿਆ ਸੋਨ ਤਮਗਾ

ਮੋਗਾ (ਅਮਰਜੀਤ ਬੱਬਰੀ)-ਭੁਪਿੰਦਰਾ ਖਾਲਸਾ ਸਕੂਲ ਮੋਗਾ 'ਚ 66ਵਾਂ ਸੂਬਾ ਪੱਧਰੀ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ 12 ਜ਼ਿਲ੍ਹਿਆਂ ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਬਰਨਾਲਾ, ਫਿਰੋਜ਼ਪੁਰ, ਫਾਜ਼ਿਲਕਾ, ਮੁਹਾਲੀ, ਰੋਪੜ, ਗੁਰਦਾਸਪੁਰ, ਬਠਿੰਡਾ, ਮੋਗਾ ਆਦਿ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਵਿੱਚ ਐੱਸ ਐੱਫ ਸੀ ਪਬਲਿਕ ਸਕੂਲ ਦੇ ਛੇਵੀਂ ਜਮਾਤ ਦੇ ਦੋ ਵਿਦਿਆਰਥੀਆਂ ਹੈਰੀ ਸਿੰਘ ਤੇ ਅਰਸ਼ਨੂਰ ਸਿੰਘ ਨੇ ਅੰਡਰ-14 ਸਾਫਟਬਾਲ ਵਿੱਚ ਹਿੱਸਾ ਲਿਆ ਅਤੇ (ਗੋਲਡ ਮੈਡਲ) ਸੋਨੇ ਦਾ ਤਮਗਾ ਜਿੱਤ ਕੇ ਸਕੂਲ ਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਪ੍ਰਿੰਸੀਪਲ ਸੀਨਮ ਜਿੰਦਲ ਨੇ ਬੱਚਿਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਸਫਲਤਾ 'ਤੇ ਵਧਾਈ ਦਿੱਤੀ। ਉਨ੍ਹਾ ਇਸ ਸਫਲਤਾ ਦੀ ਪ੍ਰਾਪਤੀ 'ਤੇ ਕੋਚ ਸੁਖਵੀਰ ਸਿੰਘ ਨੂੰ ਵੀ ਬਹੁਤ ਵਧਾਈ ਦਿੱਤੀ, ਜਿਨ੍ਹਾਂ ਦੀ ਮਿਹਨਤ ਸਦਕਾ ਬੱਚੇ ਇਸ ਖੇਡ ਵਿੱਚ ਜਿੱਤ ਪ੍ਰਾਪਤ ਕਰ ਸਕੇ।

ਸਾਹਿਬਜ਼ਾਦਿਆਂ ਦੀ ਯਾਦ 'ਚ ਲੰਗਰ ਲਾਇਆ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਬਰਨਾਲਾ-ਬਠਿੰਡਾ ਮੁੱਖ ਮਾਰਗ 'ਤੇ ਸਥਿਤ ਬਿਰਧ ਆਸ਼ਰਮ ਨੇੜੇ ਲਾਇਲਪੁਰੀ ਭਾਈਚਾਰੇ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਚਾਹ-ਬਿਸਕੁਟ ਤੇ ਪੂਰੀਆਂ-ਛੋਲਿਆਂ ਦਾ ਤਿੰਨ ਰੋਜ਼ਾ ਲੰਗਰ ਲਗਾਇਆ ਗਿਆ। ਇਸ ਮੌਕੇ ਰਣਧੀਰ ਸਿੰਘ, ਰਛਪਾਲ ਸਿੰਘ ਆਗਰੇ ਵਾਲਾ, ਕਰਮਜੀਤ ਪੰਧੇਰ, ਜੱਸੀ ਪੰਧੇਰ, ਗਗਨ ਵਿਰਕ, ਮੱਖਣ ਰੰਧਾਵਾ, ਮਾਸਟਰ ਚਾਨਣ ਸਿੰਘ, ਜਗਦੇਵ ਔਜਲਾ, ਪਾਲਇੰਦਰ ਸਿੰਘ, ਇੰਦਰਜੀਤ ਸਿੰਘ, ਹਰਬੰਸ ਸਿੰਘ ਆਸ਼ੂ ਠੋਕਾ ਆਦਿ ਨੇ ਸੇਵਾ ਕੀਤੀ ਅਤੇ ਇਲਾਕੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ।

ਪ੍ਰਨੀਤ ਕੌਰ ਦੇ ਭਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਲੋਕ ਸਭਾ ਮੈਂਬਰ ਪ੍ਰਨੀਤ ਕੌਰ ਦੇ ਛੋਟੇ ਭਰਾ ਹਿੰਮਤ ਸਿੰਘ ਕਾਹਲੋਂ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਜਿਸ ਸਬੰਧੀ ਪ੍ਰਨੀਤ ਕੌਰ ਨਾਲ ਸਮਾਜਿਕ, ਰਾਜਨੀਤਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਅਫਸੋਸ ਪ੍ਰਗਟ ਕੀਤਾ। ਇਸ ਮੌਕੇ ਸਮਾਣਾ ਤੋਂ ਐਂਟੀ ਡਰੱਗਜ਼ ਸੋਸ਼ਲ ਵੈੱਲਫੇਅਰ ਆਰਗੇਨਾਈਜ਼ੇਸ਼ਨ ਪੰਜਾਬ ਦੇ ਚੇਅਰਮੈਨ ਸੰਜੀਵ ਗਰਗ, ਬੀਜੇਪੀ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਡਕਾਲਾ, ਮੰਡਲ ਪ੍ਰਧਾਨ ਸਮਾਣਾ ਦੇ ਵਿਨੋਦ ਕੁਮਾਰ ਸਿੰਗਲਾ, ਬੀਜੇਪੀ ਦੇ ਉੱਘੇ ਆਗੂ ਮਨੀਸ਼ ਸਿੰਗਲਾ ਤੇ ਹੋਰਨਾਂ ਨੇ ਵੀ ਪ੍ਰਨੀਤ ਕੌਰ ਨਾਲ ਉਨ੍ਹਾ ਦੇ ਭਰਾ ਦੇ ਅਕਾਲ ਚਲਾਣੇ ਦਾ ਦੁੱਖ ਸਾਂਝਾ ਕੀਤਾ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਲੰਗਰ ਲਾਇਆ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਸਥਾਨਕ ਤਾਜੋ ਕੈਂਚੀਆਂ ਤੇ ਸਮੂਹ ਦੁਕਾਨਦਾਰਾਂ, ਟੈਂਪੂ ਮਾਲਕਾਂ, ਰਿਕਸ਼ਾ ਚਾਲਕਾਂ ਤੇ ਰੇਹੜੀ ਮਾਲਕਾਂ ਨੇ ਸਾਂਝੇ ਤੌਰ 'ਤੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਚਾਰ ਰੋਜ਼ਾ ਲੰਗਰ ਲਗਾਇਆ ਗਿਆ। ਇਸ ਮੌਕੇ ਹਾਜ਼ਰ ਸੀਰਾ ਜੈਲਦਾਰ, ਜਸਮੇਲ ਸਿੰਘ ਸਿੱਧੂ, ਜੱਸਾ ਸਿੱਧੂ, ਭੁਪਿੰਦਰ ਗੇਜੀ, ਡਾ. ਜਗਦੇਵ ਸਿੰਘ, ਤਾਰੀ ਅੱਡਾ ਇੰਚਾਰਜ, ਪਿੱਲੂ ਮਿਸਤਰੀ, ਗੱਬਰ ਮਹਿਤਾ ਆਦਿ ਦੀ ਅਗਵਾਈ 'ਚ ਚੱਲ ਰਹੇ ਲੰਗਰ 'ਚ ਸੇਵਾ ਕੀਤੀ ਗਈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਡੇ ਲਈ ਆਪਣੇ ਸਾਰੇ ਪਰਿਵਾਰ ਨੂੰ ਵਾਰ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸਾਰੇ ਪਰਿਵਾਰ ਦੀ ਸ਼ਹਾਦਤ ਮਹਾਨ ਸੀ। ਆਉਣ-ਜਾਣ ਵਾਲੇ ਰਾਹਗੀਰਾਂ ਨੇ ਆਨੰਦ ਨਾਲ ਲੰਗਰ ਛਕਿਆ। ਇਸ ਮੌਕੇ ਸਮੂਹ ਦੁਕਾਨਦਾਰ ਆਦਿ ਹਾਜ਼ਰ ਸਨ।

ਪ੍ਰੀਖਿਆ 'ਚੋਂ ਅੱਵਲ ਵਿਦਿ

28-DEC-PAGE-11-Majha-22.qxd 12/27/2022 10:28 PM Page 1

ਸ਼ਹਾਦਤ ਦਿਵਸ 'ਤੇ ਕੈਬਨਿਟ ਮੰਤਰੀ ਨੇ ਕਟਾਰੂਚੱਕ ਤੋਂ ਕੱਢੀ ਪੈਦਲ ਯਾਤਰਾ

ਪਠਾਨਕੋਟ (ਦਵਿੰਦਰ ਸਿੰਘ)-ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਸਮਰਪਿਤ ਸ਼ਹਾਦਤ ਦਿਵਸ 'ਤੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਆਪਣੇ ਜੱਦੀ ਪਿੰਡ ਕਟਾਰੂਚੱਕ ਤੋਂ ਇੱਕ ਪੈਦਲ ਯਾਤਰਾ ਕੱਢੀ। ਜ਼ਿਕਰਯੋਗ ਹੈ ਕਿ ਪੈਦਲ ਯਾਤਰਾ ਵਿੱਚ ਕੈਬਨਿਟ ਮੰਤਰੀ ਦੀ ਧਰਮਪਤਨੀ ਉਰਮਿਲਾ ਦੇਵੀ, ਉਨ੍ਹਾਂ ਦੇ ਸਪੁੱਤਰ ਰੋਬਿਨ ਸਿੰਘ ਅਤੇ ਰੋਹਿਤ ਸਿੰਘ ਤੋਂ ਇਲਾਵਾ ਹੋਰ ਪਰਿਵਾਰਕ ਲੋਕ, ਪਿੰਡ ਕਟਾਰੂਚੱਕ ਨਿਵਾਸੀ ਅਤੇ ਭਾਰੀ ਸੰਖਿਆ ਵਿੱਚ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ। ਪੈਦਲ ਯਾਤਰਾ ਪਿੰਡ ਕਟਾਰੂਚੱਕ ਤੋਂ ਸ਼ੁਰੂ ਕੀਤੀ ਗਈ ਜੋ ਕਿ ਪਿੰਡ ਡਿਬਕੂ ਧਲੋਰੀ ਤੋਂ ਹੁੰਦੇ ਹੋਏ ਨੈਸ਼ਨਲ ਹਾਈਵੇ ਤੋਂ ਹੁੰਦੇ ਹੋਏ ਕੋਟਲੀ, ਜਸਵਾਲੀ, ਬਾਰਠ ਸਾਹਿਬ, ਸਮਰਾਲਾ ਤੋਂ ਹੁੰਦੇ ਹੋਏ ਬਾਰਠ ਸਾਹਿਬ ਵਿਖੇ ਪਹੁੰਚੀ ਜਿੱਥੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਬਨਿਟ ਮੰਤਰੀ ਦਾ ਭਰਵਾਂ ਸਵਾਗਤ ਕੀਤਾ। ਕੈਬਨਿਟ ਮੰਤਰੀ ਵੱਲੋਂ ਬਾਬਾ ਸ੍ਰੀ ਚੰਦ ਜੀ ਤਪ ਅਸਥਾਨ ਸ੍ਰੀ ਬਾਰਠ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਇਸ ਮੌਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਅੱਜ ਦੇ ਦਿਨ ਦੀ ਮਹੱਤਤਾ 'ਤੇ ਰੌਸ਼ਨੀ ਪਾਈ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਹਿਤ ਸਿਆਲ ਜ਼ਿਲ੍ਹਾ ਪ੍ਰਧਾਨ ਪਠਾਨਕੋਟ, ਨਰੇਸ਼ ਸੈਣੀ ਬੀ. ਸੀ. ਵਿੰਗ ਦੇ ਜ਼ਿਲ੍ਹਾ ਪ੍ਰਧਾਨ, ਵਿਜੈ ਕਟਾਰੂਚੱਕ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਕੁਲਦੀਪ ਭਟੋਆ ਬਲਾਕ ਪ੍ਰਧਾਨ, ਸੁਰਿੰਦਰ ਸ਼ਾਹ ਬਲਾਕ ਪ੍ਰਧਾਨ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਕੁਲਵੰਤ ਸਿੰਘ ਬਲਾਕ ਪ੍ਰਧਾਨ, ਖੁਸ਼ਬੀਰ ਕਾਟਲ ਸੀਨੀਅਰ ਆਪ ਨੇਤਾ, ਤਰਸੇਮ ਸਿਹੋੜਾ, ਸੋਹਣ ਸਰਪੰਚ ਭਟੋਆ, ਤਰਸੇਮ ਬਾਜ਼ੀਗਰ ਸਾਬਕਾ ਸਰਪੰਚ ਪੁਰਾਣਾ ਤਾਰਾਗੜ੍ਹ, ਢੋਲੋਵਾਲ ਸਰਪੰਚ ਵੈਸ਼ਨੋ, ਮਦਾਰਪੁਰ ਸਰਪੰਚ ਰਾਜੇਸ਼ ਸ਼ਰਮਾ, ਜਗਤਪੁਰ ਸਰਪੰਚ ਰਵੀ ਕੁਮਾਰ ਰੀਕਾ ਸੈਣੀ ਆਦਿ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਜਿਸ 'ਚ ਛੋਟੇ ਅਤੇ ਵੱਡੇ ਸਾਹਿਬਜ਼ਾਦੇ ਵੀ ਸ਼ਾਮਲ ਸਨ, ਨੇ ਸ਼ਹਾਦਤਾਂ ਪਾਈਆਂ, ਚਾਹੇ ਉਹ ਚਮਕੌਰ ਦੀ ਗੜ੍ਹੀ ਦੀ ਜੰਗ ਹੋਵੇ ਜਿੱਥੇ ਵੱਡੇ ਸਾਹਿਬਜ਼ਾਦਿਆਂ ਨੇ ਲੱਖਾਂ ਜ਼ੁਲਮੀਆਂ ਦਾ ਮੁਕਬਲਾ ਕੀਤਾ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਨੇ ਅਣਮਨੁੱਖੀ ਤਸ਼ੱਦਤ ਕਰਕੇ ਜ਼ੁਲਮ ਢਾਹੇ, ਪਰ ਉਨ੍ਹਾਂ ਛੋਟੀਆਂ ਰੂਹਾਂ ਨੇ ਹਾਰ ਨਾ ਮੰਨੀ, ਇੱਥੋਂ ਤੱਕ ਕਿ ਮਾਤਾ ਗੁਜਰੀ ਨੇ ਵੀ ਇਸ ਜੰਗ ਵਿੱਚ ਸ਼ਹਾਦਤ ਪਾਈ। ਉਨ੍ਹਾਂ ਕਿਹਾ ਕਿ ਅਗਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ 'ਤੇ ਝਾਤ ਪਾਈ ਜਾਵੇ ਤਾਂ ਅੱਜ ਦੇ ਦਿਨ੍ਹਾਂ ਅੰਦਰ ਉਨ੍ਹਾਂ ਵੱਲੋਂ ਕੀਤੇ ਕਾਰਜਾਂ ਦਾ ਅਸੀਂ ਕਦੇ ਵੀ ਕਰਜ਼ ਨਹੀਂ ਉਤਾਰ ਸਕਦੇ। ਉਨ੍ਹਾਂ ਕਿਹਾ ਕਿ ਅਸੀਂ ਇਸ ਇਲਾਹੀ ਕੁਰਬਾਨੀ ਨੂੰ ਨਤਮਸਤਕ ਕਰਦੇ ਹਾਂ, ਅਜਿਹੀ ਕੁਰਬਾਨੀ ਜਿਸ ਨੂੰ ਕਿਸੇ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਆਓ ਸਾਰੇ ਮਿਲ ਕੇ ਸਰਬੱਤ ਦੇ ਭਲੇ ਲਈ ਅਰਦਾਸ ਕਰੀਏ ਅਤੇ ਉਨ੍ਹਾਂ ਸ਼ਹੀਦਾਂ ਦੀ ਯਾਦ ਨੂੰ ਦਿਲਾਂ ਅੰਦਰ ਜ਼ਿੰਦਾ ਰੱਖਦਿਆਂ ਹੱਕ-ਸੱਚ ਦੀ ਲੜਾਈ ਲਈ ਹਮੇਸ਼ਾ ਲੱਗੇ ਰਹੀਏ।

ਗੁਰਦਿਆਲ ਸਿੰਘ ਫੁੱਲ ਦੀ ਬਰਸੀ ਅੱਜ

ਫ਼ਤਿਹਗੜ੍ਹ ਚੂੜੀਆਂ (ਪ੍ਰੀਤਮ ਸਿੰਘ)-ਉੱਘੇ ਸਾਹਿਤਕਾਰ ਅਤੇ ਪੱਤਰਕਾਰ ਗੁਰਦਿਆਲ ਸਿੰਘ ਫੁੱਲ ਦੀ 6ਵੀਂ ਬਰਸੀ 28 ਦਸੰਬਰ ਨੂੰ ਉਨ੍ਹਾਂ ਦੇ ਜੱਦੀ ਪਿੰਡ ਬੱਦੋਵਾਲ ਕਲਾਂ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਉਨ੍ਹਾਂ ਦੇ ਸਪੁੱਤਰ ਮਨਜਿੰਦਰਪ੍ਰੀਤ ਸਿੰਘ ਗੋਲਡੀ ਫੁੱਲ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਗੁਰਦਿਆਲ ਸਿੰਘ ਫੁੱਲ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ ਬੱਦੋਵਾਲ ਕਲਾਂ ਨੇੜੇ ਫ਼ਤਿਹਗੜ੍ਹ ਚੂੜੀਆਂ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਜਾਵੇਗਾ ਅਤੇ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਆਗੂਆਂ ਵੱਲੋਂ ਗੁਰਦਿਆਲ ਸਿੰਘ ਫੁੱਲ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਦੱਸਣਯੋਗ ਹੈ ਕਿ ਗੁਰਦਿਆਲ ਸਿੰਘ ਫੁੱਲ ਲੰਮਾ ਸਮਾਂ ਪ੍ਰਸਿੱਧ ਅਖਬਾਰ ਦੇ ਪੱਤਰਕਾਰ ਰਹੇ ਅਤੇ ਸਾਹਿਤ ਸਭਾ ਫਤਿਹਗੜ੍ਹ ਚੂੜੀਆਂ ਦੇ ਮੁੱਢਲੇ ਮੈਂਬਰ ਵੀ ਰਹੇ।

ਦਾਜ ਦੀ ਮੰਗ ਕਰਨ 'ਤੇ ਪਤੀ ਖਿਲਾਫ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਇਕ ਪਿੰਡ ਦੀ ਵਿਆਹੁਤਾ ਨੇ ਪਤੀ ਵੱਲੋਂ ਤੰਗ ਪ੍ਰੇਸ਼ਾਨ ਤੇ ਦਾਜ ਦੀ ਮੰਗ ਦੇ ਦੋਸ਼ ਹੇਠ ਥਾਣਾ ਪੁਰਾਣਾ ਸ਼ਾਲਾ 'ਚ ਮਾਮਲਾ ਦਰਜ ਕੀਤਾ ਹੈ। ਪੀੜਤ ਔਰਤ ਨੇ ਐੱਸਐੱਸਪੀ ਗੁਰਦਾਸਪੁਰ ਨੂੰ ਦਰਖਾਸਤ ਦੇਣ ਤੋਂ ਬਾਅਦ ਇਸ ਦੀ ਇਨਕੁਆਰੀ ਤਹਿਤ ਉਪ ਪੁਲਸ ਕਪਤਾਨ ਦੀਨਾਨਗਰ ਵਲੋਂ ਮੁਕੱਦਮਾ ਰਜਿਸਟਰਡ ਕੀਤਾ ਗਿਆ ਹੈ। ਪੀੜਤ ਵਿਆਹੁਤਾ ਨੇ ਪਤੀ ਰਾਘਵ ਪੁੱਤਰ ਜਸਪਾਲ ਵਾਸੀ ਉਮਰਪੁਰ ਖੁਰਦ ਥਾਣਾ ਦੋਰਾਂਗਲਾ ਜ਼ਿਲ੍ਹਾ ਗੁਰਦਾਸਪੁਰ ਖਿਲਾਫ ਗੰਭੀਰ ਦੋਸ਼ ਮੜ੍ਹਦਿਆਂ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਮੇਰਾ ਵਿਆਹ ਲਗਭਗ 2 ਸਾਲ ਪਹਿਲਾਂ ਰਾਘਵ ਨਾਲ ਹੋਇਆ ਸੀ ਤੇ ਉਸ ਤੋਂ ਬਾਅਦ ਉਹ ਮੈਨੂੰ ਦਾਜ ਘੱਟ ਲਿਆਉਣ ਬਦਲੇ ਤੰਗ-ਪ੍ਰੇਸ਼ਾਨ ਕਰਦਾ ਸੀ। ਏਐੱਸਆਈ ਜਗਦੀਸ਼ ਸਿੰਘ ਨੇ ਦੋਸ਼ੀ ਖਿਲਾਫ ਧਾਰਾ 498 ਏ ਤਹਿਤ ਮਾਮਲਾ ਦਰਜ ਕਰਕੇ ਲੋੜੀਂਦੀ ਕਾਰਵਾਈ ਆਰੰਭ ਕਰ ਦਿੱਤੀ ਹੈ। ਜਦੋਂਕਿ ਦੋਸ਼ੀ ਅਜੇ ਤੱਕ ਪੁਲਸ ਦੀ ਗ੍ਰਿਫਤ ਤੋਂ ਬਾਹਰ ਹੈ। ਫੜਨ ਵਾਸਤੇ ਛਾਪੇਮਾਰੀ ਜਾਰੀ ਹੈ।

ਪੰਜਾਬ ਇਸਤਰੀ ਸਭਾ ਨੇ ਵਿਮਲਾ ਡਾਂਗ ਦਾ ਜਨਮਦਿਨ ਮਨਾਇਆ

ਅੰਮ੍ਰਿਤਸਰ (ਨਜ਼ਸ)-ਪੰਜਾਬ ਇਸਤਰੀ ਸਭਾ ਅੰਮ੍ਰਿਤਸਰ ਨੇ ਹਰ ਸਾਲ ਵਾਂਗ ਬਾਲ ਮਜ਼ਦੂਰ ਸਿੱਖਿਆ ਕੋਰਸ ਦੇ ਬੱਚਿਆਂ ਨਾਲ ਭੈਣ ਵਿਮਲਾ ਡਾਂਗ ਦਾ ਜਨਮ ਦਿਨ ਮਨਾਇਆ। ਪੰਜਾਬ ਇਸਤਰੀ ਸਭਾ ਦੀ ਸੂਬਾ ਜਨਰਲ ਸਕੱਤਰ ਨੇ ਗਲੋਬਲ ਆਰਗੇਨਾਈਜ਼ੇਸ਼ਨ ਫਾਰ ਪੀਪਲ ਆਫ ਇੰਡੀਅਨ ਔਰਿਜਨ ਦਾ ਧੰਨਵਾਦ ਕੀਤਾ ਕਿ ਵਿਦੇਸ਼ਾਂ ਵਿੱਚ ਬੈਠੇ ਵੀ ਚੰਗੀ ਸੋਚ ਵਾਲੇ ਲੋਕ ਆਪਣੇ ਦੇਸ਼ ਜਿਸ ਤੋਂ ਉਹ ਬਹੁਤ ਦੂਰ ਬੈਠੇ ਹਨ, ਨਾਲ ਕਿੰਨਾ ਪਿਆਰ ਕਰਦੇ ਹਨ ਅਤੇ ਇਥੋਂ ਦੇ ਲੋਕਾਂ ਵਾਸਤੇ ਫਿਕਰਮੰਦ ਹਨ। ਉਨ੍ਹਾਂ ਨੇ ਇਸ ਸੰਸਥਾ ਦੀ ਪ੍ਰਤੀਨਿਧ ਬੇਟੀ ਅਮਨ ਸਿੰਘ ਨੂੰ ਜਿਹੜੀ ਕਿ ਬਾਲ ਮਜ਼ਦੂਰ ਸਿੱਖਿਆ ਕੇਂਦਰ ਦੇ ਬੱਚਿਆਂ ਨੂੰ ਬੂਟ ਅਤੇ ਹੋਰ ਚੀਜ਼ਾਂ ਦੇਣ ਪਹੁੰਚੀ ਸੀ, ਨੂੰ ਜੀ ਆਇਆਂ ਆਖਿਆ।

ਇਸ ਸੰਸਥਾ ਨਾਲ ਡੂੰਘਾ ਪਿਆਰ ਰੱਖਣ ਵਾਲੇ ਅਤੇ ਚਲਾਉਣ ਵਾਲੇ ਜਸਵੰਤ ਰਾਏ ਨੇ ਅਮਨ ਸਿੰਘ ਨੂੰ ਜੀ ਆਇਆਂ ਆਖਦੇ ਹੋਏ ਭੈਣ ਵਿਮਲਾ ਡਾਂਗ ਵੱਲੋਂ ਚਲਾਏ ਗਏ ਬਾਲ ਮਜ਼ਦੂਰ ਸਿੱਖਿਆ ਕੋਰਸ ਦੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਪੰਜਾਬ ਇਸਤਰੀ ਸਭਾ ਦੇ ਸੂਬਾ ਸਰਪ੍ਰਸਤ ਨਰਿੰਦਰਪਾਲ ਭੈਣ ਨੇ ਵਿਮਲਾ ਡਾਂਗ ਵੱਲੋਂ ਇਸ ਸਮਾਜ ਨੂੰ ਸੋਹਣਾ ਬਣਾਉਣ ਲਈ ਕੀਤੇ ਗਏ ਯਤਨਾਂ ਦਾ ਵਰਨਣ ਕਰਦੇ ਹੋਏ ਉਨ੍ਹਾਂ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ।

ਗਲੋਬਲ ਆਰਗੇਨਾਈਜ਼ੇਸ਼ਨ ਫਾਰ ਪੀਪਲ ਆਫ ਇੰਡੀਅਨ ਔਰਿਜਨ ਦੇ ਪ੍ਰਤੀਨਿਧ ਰਾਜਵਿੰਦਰ ਸਿੰਘ ਅਤੇ ਅਮਨ ਸਿੰਘ ਨੇ ਆਪਣੀ ਸੰਸਥਾ ਬਾਰੇ ਚਾਨਣਾ ਪਾਇਆ ਅਤੇ ਮਾਣ ਸਨਮਾਨ ਦੇਣ ਵਾਸਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਸੰਸਥਾ ਵੱਲੋਂ ਬੱਚਿਆਂ ਨੂੰ ਬੂਟ ਅਤੇ ਸਵੈਟਰ ਵੰਡੇ। ਜਸਵੰਤ ਰਾਏ ਨੇ ਰਿਟਾਇਰਡ ਪ੍ਰਿੰਸੀਪਲ ਰਸਾਲ ਸਿੰਘ ਵੱਲੋਂ ਭੇਜੀ ਗਈ ਯੂਨੀਫਾਰਮ ਬੱਚਿਆ ਨੂੰ ਦਿੱਤੀ।

ਇਸ ਤੋਂ ਬਾਅਦ ਰਾਜਵਿੰਦਰ ਸਿੰਘ, ਅਮਨ ਸਿੰਘ ਅਤੇ ਰਜਿੰਦਰ ਪਾਲ ਕੌਰ ਜਿਥੇ ਦਿਮਾਗੀ ਤੌਰ 'ਤੇ ਅਪਾਹਜ ਬੱਚੀਆਂ ਰਹਿੰਦੀਆਂ ਹਨ, ਨੂੰ ਦੇਖਣ ਗਏ। ਉੱਥੇ ਸਵੈਟਰ ਅਤੇ ਬੂਟ ਵੰਡੇ ਅਤੇ ਬੱਚਿਆਂ ਨਾਲ ਕੁਝ ਸਮਾਂ ਬਿਤਾਇਆ। ਦੋਵਾਂ ਸੰਸਥਾਵਾਂ ਨੇ ਰਾਜਵਿੰਦਰ ਸਿੰਘ ਅਤੇ ਅਮਨ ਸਿੰਘ ਦੀ ਨੇਕ ਕੰਮ ਕਰਨ ਕਰਕੇ ਸ਼ਲਾਘਾ ਕੀਤੀ।

ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਚਿੜੀਆ ਘਰ ਘੁੰਮਿਆ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਮਾਊਂਟ ਲਿਟਰਾ ਜ਼ੀ ਸਕੂਲ ਤਰਨਤਾਰਨ ਸਰਬਪੱਖੀ ਵਿਕਾਸ ਲਈ ਵੱਚਨਬਧ ਹੈ। ਇਸ ਉਦੇਸ਼ ਨੂੰ ਮੁੱਖ ਰਖਦੇ ਹੋਏ ਸਕੂਲ ਵਲੋਂ ਬੱਚਿਆ ਦੇ ਚਾਰ ਭਾਗਾਂ ਵਿੱਚ ਗਰੁੱਪ ਬਣਾ ਕੇ ਵੱਖ-ਵੱਖ ਥਾਵਾਂ ਤੇ ਘੁਮੰਣ ਲਈ ਲਿਜਾਇਆ ਗਿਆ ਤਾਂ ਜੋ ਆਪਣੇ ਸਾਥੀਆਂ ਨਾਲ ਰਲ ਕੇ ਇੱਕਠੇ ਰਹਿ ਕੇ ਸਮਾਂ ਬਤੀਤ ਕਰਨ ਅਤੇ ਮਿਲਵਰਤਨ ਦੀ ਭਾਵਨਾ ਵਧਾ ਸਕਣ। ਇਸੇ ਭਾਵਨਾ ਨੂੰ ਮੁੱਖ ਰੱਖਦਿਆਂ ਸਕੂਲ ਨੂੰ ਚਾਰ ਭਾਗਾਂ ਵਿੱਚ ਉਨ੍ਹਾਂ ਦੀ ਉਮਰ ਦਾ ਖਿਆਲ ਰੱਖਦਿਆਂ ਵੰਡਿਆ ਗਿਆ। ਪਹਿਲਾ ਗਰੁੱਪ ਸਤਵੀਂ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਤਿੰਨ ਦਿਨ ਲਈ ਸ਼ਿਮਲੇ ਦੇ ਨਾਲ ਲਗਦੇ ਇਲਾਕਿਆਂ 'ਚ ਭੇਜਿਆ। ਜਿਵੇਂ ਕੁਫਰੀ ਦੇ ਠੰਡੇ ਇਲਾਕੇ ਦਾ ਅਨੰਦ ਲੈਂਦੇ ਹੋਏ ਭੌਤਿਕ, ਸਮਾਜਿਕ ਹਾਲਾਤ ਬਾਰੇ ਬੱਚਿਆਂ ਨੇ ਜਾਣਕਾਰੀ ਹਾਸਿਲ ਕੀਤੀ। ਦੂਜਾ ਗਰੁੱਪ ਚੌਥੀ ਤੇ ਛੇਵੀਂ ਕਲਾਸ ਦਾ ਬਣਾਇਆ। ਇਨ੍ਹਾਂ ਬੱਚਿਆਂ ਨੇ ਚੰਡੀਗੜ੍ਹ ਲਾਗੇ ਹਰਿਆਣਾ ਦੀ ਹੱਦ ਅੰਦਰ ਕੁਦਰਤ ਦੀ ਹਰਿਆਲੀ ਤੇ ਹਿੱਲ ਸਟੇਸ਼ਨ ਦਾ ਅਨੰਦ ਲੈਂਦੇ ਹੋਏ ਛਤਬੀੜ ਚਿੜੀਆ ਘਰ ਵੀ ਵੇਖਿਆ। ਸੰਬੰਧਿਤ ਜਾਨਵਰਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ । ਤੀਸਰੇ ਗਰੁੱਪ 'ਚ ਪਹਿਲੀ ਤੋਂ ਤੀਸਰੀ ਕਲਾਸ ਦੇ ਬੱਚਿਆਂ ਨੂੰ ਅੰਮ੍ਰਿਤਸਰ ਵਿਖੇ ਫਨਲੈਂਡ ਦਾ ਦ੍ਰਿਸ਼ ਦਿਖਾਇਆ ਗਿਆ ਜਿਥੇ ਬੱਚਿਆਂ ਨੇ ਹਵਾਦਾਰ ਪਾਰਕ ਵਿੱਚ ਅਨੰਦ ਮਾਣਿਆ ਤੇ ਖੂਬ ਮਸਤੀ ਕੀਤੀ। ਚੌਥੇ ਗਰੁੱਪ ਵਿੱਚ ਨਰਸਰੀ ਤੋਂ ਸੀਨੀਅਰ ਕੇ ਜੀ ਦੇ ਬੱਚਿਆਂ ਨੂੰ ਕੰਪਨੀ ਬਾਗ ਤੇ ਗਾਂਧੀ ਪਾਰਕ ਵਿਖੇ ਵਿਜ਼ਿਟ ਕਰਵਾਇਆ।

ਪ੍ਰਿੰਸੀਪਲ ਗਗਨਦੀਪ ਸ਼ਰਮਾ ਨੇ ਕਿਹਾ ਕਿ ਟੂਰ ਦੇ ਦੌਰਾਨ ਬੱਚਿਆਂ ਨੂੰ ਰਹਿਣ-ਸਹਿਣ ਤੇ ਖਾਣ-ਪੀਣ ਦਾ ਅੱਵਲ ਦਰਜੇ ਦਾ ਪ੍ਰਬੰਧ ਸੀ। ਉਨ੍ਹਾਂ ਕਿਹਾ ਕੇ ਭਵਿੱਖ ਵਿੱਚ ਬੱਚਿਆਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਦੇਸ਼-ਵਿਦੇਸ਼ ਵਿੱਚ ਹੋਰ ਵਿੱਦਿਅਕ ਅਤੇ ਗੈਰ-ਵਿੱਦਿਅਕ ਟੂਰ ਵੀ ਲਗਵਾਏ ਜਾਣਗੇ।

ਐੱਨ ਐੱਸ ਕੇ ਟੀ ਵੋਕੇਸ਼ਨਲ ਸੈਂਟਰ ਦੇ 116 ਵਿਦਿਆਰਥੀਆਂ ਨੂੰ ਮਿਲਿਆ ਰੁਜ਼ਗਾਰ

ਲੁਧਿਆਣਾ : ਪਛੜੇ ਬੱਚਿਆਂ ਦੇ ਸਸ਼ਕਤੀਕਰਨ ਅਤੇ ਰੁਜ਼ਗਾਰ ਯੋਗਤਾ ਨੂੰ ਵਧਾਉਣ ਦੇ ਉਦੇਸ਼ ਨਾਲ ਨਹਿਰੂ ਸਿਧਾਂਤ ਕੇਂਦਰ ਟਰੱਸਟ ਨੇ ਇਸ ਸਾਲ ਮਾਰਚ ਵਿੱਚ ਆਪਣੇ ਲੁਧਿਆਣਾ ਕੈਂਪਸ ਵਿੱਚ ਵੋਕੇਸ਼ਨਲ ਸੈਂਟਰ ਦਾ ਉਦਘਾਟਨ ਕੀਤਾ। ਆਪਣੀ ਯਾਤਰਾ ਦੇ ਪਹਿਲੇ ਸਾਲ ਵਿੱਚ ਹੀ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਹੋਏ ਅਤੇ 162 ਪ੍ਰਮਾਣਿਤ ਵਿਦਿਆਰਥੀਆਂ ਵਿੱਚੋਂ 116 ਵਿਦਿਆਰਥੀਆਂ ਨੂੰ 10,000 ਰੁਪਏ ਪ੍ਰਤੀ ਮਹੀਨਾ ਦੇ ਔਸਤ ਤਨਖਾਹ ਸਕੇਲ ਨਾਲ ਲੁਧਿਆਣਾ ਦੇ ਚੋਟੀ ਦੇ ਉਦਯੋਗਾਂ ਵਿੱਚ ਸਫਲਤਾਪੂਰਵਕ ਰੋਜ਼ਗਾਰ ਮਿਲਿਆ। ਰਾਕੇਸ਼ ਭਾਰਤੀ ਮਿੱਤਲ ਨੇ ਕਿਹਾ ਕਿ ਭਾਰਤ ਸਰਕਾਰ ਦੀ ਸਕਿੱਲ ਇੰਡੀਆ ਮਿਸ਼ਨ (ਸਿਮ) ਅਤੇ ਰਾਸ਼ਟਰੀ ਸਿੱਖਿਆ ਨੀਤੀ (ਐੱਨਈਪੀ) 2020 ਦੇ ਅਨੁਸਾਰ ਅਸੀਂ ਭਾਰਤੀ ਅਰਥਵਿਵਸਥਾ ਲਈ ਸਮਾਵੇਸ਼ੀ ਅਤੇ ਬਰਾਬਰ ਵਿਕਾਸ ਪ੍ਰਾਪਤ ਕਰਨ ਲਈ ਹੁਨਰਮੰਦ ਮਨੁੱਖੀ ਸ਼ਕਤੀ ਪੈਦਾ ਕਰਨ ਲਈ ਦ੍ਰਿੜ ਹਾਂ। ਸਾਡੇ ਵੋਕੇਸ਼ਨਲ ਸੈਂਟਰ ਨੇ ਇੱਕ ਸਾਲ ਤੋਂ ਵੀ ਘੱਟ ਸਮੇਂ ਵਿੱਚ ਆਪਣੇ 70% ਤੋਂ ਵੱਧ ਵਿਦਿਆਰਥੀਆਂ ਨੂੰ ਨਾਮਵਰ ਉਦਯੋਗਾਂ ਵਿੱਚ ਰੋਜ਼ਗਾਰ ਦਿਲਾਉਣ ਦਾ ਰਿਕਾਰਡ ਬਣਾਇਆ ਹੈ ਅਤੇ ਅਸੀਂ ਇਸਨੂੰ ਹੋਰ ਅੱਗੇ ਲਿਜਾਣ ਦਾ ਟੀਚਾ ਰੱਖਦੇ ਹਾਂ। ਵੋਕੇਸ਼ਨਲ ਸੈਂਟਰ ਇੱਕ ਮੰਨੀ-ਪ੍ਰਮੰਨੀ ਹੁਨਰ ਵਿਕਾਸ ਕੰਪਨੀ ਸੇਂਟਮ ਵਰਸਕਿਲਸ ਇੰਡੀਆ ਲਿਮਟਿਡ (ਸੀਡਬਲਿਊਐੱਸਆਈ) ਦੇ ਮਾਧਿਅਮ ਤੋਂ ਸਿਖਲਾਈ ਪ੍ਰਦਾਨ ਕਰ ਰਿਹਾ ਹੈ। ਹੁਣ ਤੱਕ ਕੇਂਦਰ ਨੇ 10 ਬੈਚਾਂ ਵਿੱਚ ਕੁੱਲ 221 ਵਿਦਿਆਰਥੀਆਂ ਨੂੰ ਸਫਲਤਾਪੂਰਵਕ ਦਾਖਲ ਕੀਤਾ ਹੈ। ਕੋਰਸ ਦੀ ਕੁੱਲ ਫੀਸ 19,000 ਰੁਪਏ ਹੈ। ਇਨ੍ਹਾਂ ਵਿੱਚੋਂ ਜਿਨ੍ਹਾਂ ਦੀ ਘਰੇਲੂ ਆਮਦਨ 5 ਲੱਖ ਰੁਪਏ ਸਾਲਾਨਾ ਤੋਂ ਘੱਟ ਹੈ, ਨਹਿਰੂ ਸਿਧਾਂਤ ਕੇਂਦਰ ਟਰੱਸਟ ਉਨ੍ਹਾਂ ਵਿਦਿਆਰਥੀਆਂ ਨੂੰ 14,000 ਰੁਪਏ ਪ੍ਰਤੀ ਵਿਦਿਆਰਥੀ ਵਜ਼ੀਫਾ ਪ੍ਰਦਾਨ ਕਰਦਾ ਹੈ।

ਪਿਸ਼ੌਰੀ ਨਗਰ ਖੰਡਵਾਲਾ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰਦੁਆਰਾ ਸ੍ਰੀ ਗ

28-Dec Page 12.qxd 12/27/2022 10:23 PM Page 1

ਕਿਸਾਨ ਯੂਨੀਅਨ ਵੱਲੋਂ ਇਨਸਾਫ ਨਾ ਮਿਲਣ 'ਤੇ ਸੰਘਰਸ਼ ਦੀ ਚਿਤਾਵਨੀ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਭਾਰਤੀ ਕਿਸਾਨ ਯੂਨੀਅਨ ਚਢੂਨੀ (ਪੰਜਾਬ) ਦਾ ਇਕ ਵਫਦ ਅਮਰੀਕ ਸਿੰਘ ਸੀਕਰੀ ਪ੍ਰਧਾਨ ਜ਼ਿਲ੍ਹਾ ਕਪੂਰਥਲਾ ਦੀ ਅਗਵਾਈ ਹੇਠ ਹਰਪ੍ਰੀਤ ਸਿੰਘ ਬੈਨੀਪਾਲ ਐਸ.ਪੀ. ਹੈੱਡਕੁਆਰਟਰ (ਕਪੂਰਥਲਾ) ਨੂੰ ਮਿਲਿਆ। ਵਫਦ ਵਿਚ ਯੂਨੀਅਨ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ। ਇਸ ਦੌਰਾਨ ਵਫਦ ਵਲੋਂ ਐਸ.ਪੀ. ਬੈਨੀਪਾਲ ਨੂੰ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਫਗਵਾੜਾ- ਜਲੰਧਰ ਰੋਡ ਸਥਿਤ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ.ਪੀ.ਯੂ.) ਦੇ ਮਾਲਕਾਂ ਸਮੇਤ ਇਕ ਕਰਮਚਾਰੀ ਸੁਰਿੰਦਰ ਖੁਰਾਣਾ ਅਤੇ ਉਸ ਸਮੇਂ ਦੇ ਐਸ.ਐਚ.ਓ. ਸਤਨਾਮਪੁਰਾ ਉਂਕਾਰ ਸਿੰਘ ਬਰਾੜ ਖਿਲਾਫ ਅਵਲਪ੍ਰੀਤ ਕੌਰ ਨਾਂਅ ਦੀ ਗਰਭਵਤੀ ਔਰਤ ਨਾਲ ਧੱਕੇਸ਼ਾਹੀ ਕਰਨ ਦੇ ਸੰਗੀਨ ਦੋਸ਼ ਲਗਾਉਂਦੇ ਹੋਏ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਮੰਗ ਪੱਤਰ ਦੇਣ ਉਪਰੰਤ ਯੂਨੀਅਨ ਦੇ ਉਕਤ ਆਗੂਆਂ ਦੀ ਹਾਜਰੀ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਵਲਪ੍ਰੀਤ ਕੌਰ ਦੇ ਪਤੀ ਮਨਜੀਤ ਸਿੰਘ ਵਾਸੀ ਪਿੰਡ ਮਾਧੋਪੁਰ ਤਹਿਸੀਲ ਫਗਵਾੜਾ ਜ਼ਿਲ੍ਹਾ ਕਪੂਰਥਲਾ ਨੇ ਦੱਸਿਆ ਕਿ ਉਸਦਾ ਸਹੁਰਾ ਪਰਵਾਰ ਐਲ.ਪੀ.ਯੂ. ਗੇਟ ਦੇ ਨਾਲ ਲਗਦੀ ਆਪਣੀ ਜੱਦੀ ਜਮੀਨ ਵਿਚ ਰਹਿੰਦਾ ਸੀ ਤਾਂ 16 ਸਤੰਬਰ 2019 ਨੂੰ ਉਸਦੇ ਸਹੁਰੇ ਪਰਵਾਰ ਨੇ ਫੋਨ ਕਰਕੇ ਉਸਦੀ ਪਤਨੀ ਨੂੰ ਬੁਲਾਇਆ ਸੀ। ਜਿਸ 'ਤੇ ਉਹ ਆਪਣੀ ਪਤਨੀ ਅਵਲਪ੍ਰੀਤ ਕੌਰ ਜੋ ਕਿ ਉਸ ਸਮੇਂ ਗਰਭਵਤੀ ਸੀ, ਆਪਣੇ ਦੋ ਬੱਚਿਆਂ ਵੱਡਾ ਲੜਕਾ ਸਹਿਜਬੀਰ ਸਿੰਘ ਉਮਰ ਸੱਤ ਸਾਲ ਅਤੇ ਛੋਟੀ ਲੜਕੀ ਜੈਸਮੀਨ ਕੌਰ ਉਮਰ ਚਾਰ ਸਾਲ ਅਤੇ ਇਕ ਹੋਰ ਗੁਆਂਢਣ ਕੁਲਦੀਪ ਕੌਰ ਦੇ ਨਾਲ ਆਪਣੇ ਸਹੁਰੇ ਘਰ ਗਿਆ ਤਾਂ ਦੇਖਿਆ ਕਿ ਉੱਥੇ ਕਾਫੀ ਪੁਲਸ ਖੜੀ ਸੀ। ਜਿਹਨਾਂ ਨੇ ਮੇਰੀ ਪਤਨੀ ਦੇ ਦੋਵੇਂ ਭਰਾਵਾਂ ਨਵਦੀਪ ਸਿੰਘ ਉਰਫ ਜਿੱਪੀ ਅਤੇ ਮਨਦੀਪ ਸਿੰਘ ਅਤੇ ਮੇਰੀ ਸੱਸ ਹਰਵਿੰਦਰ ਕੌਰ ਨੇ ਆਪਣੀ ਹਿਰਾਸਤ ਵਿਚ ਲਿਆ ਹੋਇਆ ਸੀ। ਸਾਡੇ ਪਹੁੰਚਦੇ ਹੀ ਸਾਨੂੰ ਵੀ ਬਿਨਾਂ ਕੁੱਝ ਦੱਸੇ-ਪੁੱਛੇ ਪੁਲਸ ਨੇ ਹਿਰਾਸਤ ਵਿਚ ਲੈ ਲਿਆ। ਮੌਕੇ 'ਤੇ ਕੁੱਝ ਪ੍ਰਾਈਵੇਟ ਗੱਡੀਆਂ ਅਤੇ ਸਿਵਲ ਵਰਦੀ ਵਿਚ ਪੁਲਸ ਵਾਲੇ ਵੀ ਸਨ। ਸਾਨੂੰ ਪੁਲਸ ਸੀ.ਆਈ.ਏ. ਸਟਾਫ ਫਗਵਾੜਾ ਲੈ ਆਈ। ਫਿਰ ਸਾਨੂੰ ਕੋਰਟ ਵਿਚ ਪੇਸ਼ ਕੀਤਾ ਗਿਆ ਤੇ ਸ਼ਾਮ ਨੂੰ ਮਾਡਰਨ ਜੇਲ੍ਹ ਕਪੂਰਥਲਾ ਭੇਜ ਦਿੱਤਾ ਗਿਆ। ਸਾਡੇ ਖਿਲਾਫ ਪੁਲਸ ਨੇ ਝੂਠੀ ਐਫ.ਆਈ.ਆਰ. 141/2019 ਦਰਜ ਕਰ ਲਈ ਜਿਸ ਵਿਚ ਸਾਢੇ ਖਿਲਾਫ ਭੰਨ ਤੋੜ ਅਤੇ ਚੋਰੀ ਦਾ ਇਲਜਾਮ ਲਗਾਇਆ ਗਿਆ ਸੀ। ਇਸ ਦੌਰਾਨ ਐਸ.ਐਚ.ਓ. ਉਂਕਾਰ ਸਿੰਘ ਬਰਾੜ, ਤਹਿਸੀਲਦਾਰ ਫਗਵਾੜਾ ਅਤੇ ਸੁਰਿੰਦਰ ਖੁਰਾਣਾ ਨੇ ਸਾਡੇ ਨਾਲ ਧੱਕਾ-ਮੁੱਕੀ ਤੇ ਕੁੱਟਮਾਰ ਕੀਤੀ। ਜਿਸ ਕਰਕੇ ਮੇਰੀ ਪਤਨੀ ਦਾ ਗਰਭਪਾਤ ਹੋ ਗਿਆ। ਪੀੜ੍ਹਤ ਨੇ ਦੱਸਿਆ ਕਿ ਇਸ ਹਾਦਸੇ ਨਾਲ ਉਸਦੀ ਪਤਨੀ ਨੂੰ ਕਾਫੀ ਲੱਗਾ ਤੇ ਉਹ ਕਾਫੀ ਬਿਮਾਰ ਰਹੀ ਅਤੇ 32 ਦਿਨ ਜੇਲ੍ਹ 'ਚ ਰਹਿਣ ਤੋਂ ਬਾਅਦ ਉਹਨਾਂ ਨੂੰ ਜਮਾਨਤ ਮਿਲੀ। ਮਨਜੀਤ ਸਿੰਘ ਨੇ ਐਸ.ਪੀ. ਹੈਡ ਕੁਆਰਟਰ ਤੋਂ ਨਿਆਂ ਦੀ ਮੰਗ ਕਰਦਿਆਂ ਕਿਹਾ ਕਿ ਜੇਕਰ ਉਸਦੇ ਸਹੁਰੇ ਪਰਵਾਰ ਦਾ ਕੋਈ ਜਮੀਨੀ ਝਗੜਾ ਸੀ ਤਾਂ ਉਸਦਾ ਜਾਂ ਉਸਦੀ ਪਤਨੀ ਤੇ ਛੋਟੇ ਬੱਚਿਆਂ ਦਾ ਇਸ ਵਿਚ ਕੋਈ ਵੀ ਲੈਣਾ-ਦੇਣਾ ਨਹੀਂ ਸੀ। ਪੁਲਿਸ ਤੇ ਪ੍ਰਸ਼ਾਸਨ ਨੇ ਐਲ.ਪੀ.ਯੂ. ਦੇ ਮਾਲਕਾਂ ਨਾਲ ਰਲ ਕੇ ਬਹੁਤ ਵੱਡੀ ਧੱਕੇਸ਼ਾਹੀ ਕੀਤੀ ਹੈ। ਇਸ ਦੌਰਾਨ ਕਿਸਾਨ ਯੂਨੀਅਨ ਆਗੂਆਂ ਨੇ ਅਵਲਪ੍ਰੀਤ ਕੌਰ ਦਾ ਗਰਭ ਗਿਰਾਉਣ ਦੇ ਦੋਸ਼ ਵਿਚ ਉਕਤ ਸਾਰੇ ਵਿਅਕਤੀਆਂ ਖਿਲਾਫ ਧਾਰਾ 302 ਆਈ.ਪੀ.ਸੀ. ਤਹਿਤ ਕੇਸ ਦਰਜ ਕਰਕੇ ਤੁਰੰਤ ਗ੍ਰਿਫਤਾਰੀ ਦੀ ਮੰਗ ਵੀ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਪੁਲਸ ਨੇ ਮਾਮਲੇ ਨੂੰ ਸਿਆਸੀ ਦਬਾਅ ਹੇਠ ਗੰਭੀਰਤਾ ਨਾਲ ਨਾ ਲਿਆ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਵਫਦ ਵਿਚ ਮਨਜੀਤ ਸਿੰਘ ਬਰਨ, ਰਵਿੰਦਰ ਸਿੰਘ, ਸਾਹਿਲ, ਤੇਜੀ ਸੰਧੂ ਆਦਿ ਵੀ ਸ਼ਾਮਲ ਸਨ।

ਜ਼ਿਆਦਾ ਠੰਢ ਕਾਰਨ ਜਨ ਜੀਵਨ ਪ੍ਰਭਾਵਤ

ਕਰਤਾਰਪੁਰ (ਹਰਮੇਸ ਦੱਤ) ਜ਼ਿਆਦਾ ਧੁੰਦ ਕਾਰਨ ਤਾਪਮਾਨ ਡਿਗਣ ਨਾਲ ਠੰਡ ਵੱਧ ਗਈ ਹੈ ਜਿਸ ਦੇ ਚੱਲਦਿਆਂ ਆਮ ਜੀਵਨ ਅਸਤ ਵਿਅਸਤ ਹੋ ਗਿਆ ਹੈ। ਦਿਆਲਪੁਰ ਅਤੇ ਆਸ ਪਾਸ ਦੇ ਇਲਾਕੇ ਦੇ ਲੋਕਾਂ ਦਾ ਜ਼ਿਆਦਾ ਠੰਡ ਕਾਰਨ ਘਰ ਤੋਂ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਆਉਣ ਵਾਲੇ ਦਿਨਾਂ ਵਿੱਚ ਠੰਡ ਦਾ ਪ੍ਰਕੋਪ ਵੱਧ ਹੋਣ ਦਾ ਅਨੁਮਾਨ ਹੈ। ਸ਼ੀਤ ਲਹਿਰ ਚੱਲਣੀ ਚਾਲੂ ਹੋ ਗਈ ਹੈ ਤੇ ਸਵੇਰ ਤੋਂ ਗਹਿਰੀ ਧੁੰਦ ਛਾਈ ਹੋਈ ਹੈ । ਜਲੰਧਰ-ਅੰਮ੍ਰਿਤਸਰ ਰਾਸ਼ਟਰੀ ਰਾਜ ਮਾਰਗ 'ਤੇ ਜ਼ਿਆਦਾ ਧੁੰਦ ਕਾਰਨ ਵਾਹਣ ਦਿਨ ਵੇਲੇ ਲਾਈਟਾਂ ਜਗਾ ਕੇ ਚੱਲ ਰਹੇ ਹਨ। ਠੰਡ ਦੇ ਚੱਲਦਿਆਂ ਬਜਾਰ ਵਿੱਚ ਮੰਦੀ ਦਾ ਦੌਰ ਚੱਲ ਰਿਹਾ ਹੈ।

ਕੋਵਿਡ ਦੀ ਤਾਜ਼ਾ ਲਹਿਰ ਨਾਲ ਨਜਿੱਠਣ ਲਈ ਡੀ ਸੀ ਵੱਲੋਂ ਪ੍ਰਬੰਧਾਂ ਦੀ ਸਮੀਖਿਆ

ਜਲੰਧਰ -(ਸੈਲੀ ਐਲਬਰਟ)- ਕੋਵਿਡ ਦੀ ਤਾਜ਼ਾ ਲਹਿਰ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਸੇ ਵੀ ਹੰਗਾਮੀ ਹਾਲਾਤ ਨਾਲ ਨਿਪਟਣ ਲਈ ਅਗੇਤੇ ਬੰਦੋਬਸਤ ਕਰਨ ਦੇ ਨਾਲ-ਨਾਲ ਢੁੱਕਵੀਂ ਵਿਉਂਤਬੰਦੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਅਜੇ ਤੱਕ ਸਿਰਫ਼ ਇਕ ਹੀ ਐਕਟਿਵ ਕੇਸ ਹੈ ਪਰ ਇਸ ਦੇ ਬਾਵਜੂਦ ਸਾਨੂੰ ਸਾਵਧਾਨ ਰਹਿਣ ਦੀ ਲੋੜ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸੈਂਪਲਿੰਗ ਕਰਨ ਦੀਆਂ ਹਦਾਇਤਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਵਿੱਚ ਕਰੋਨਾ ਦੇ ਲੱਛਣ ਸਾਹਮਣੇ ਆਉਂਦੇ ਹਨ ਤਾਂ ਕੋਵਿਡ ਟੈਸਟ ਕਰਵਾਉਣ ਤੋਂ ਇਲਾਵਾ ਇਸ ਨਾਲ ਸਬੰਧਤ ਸਾਰੀਆਂ ਸਾਵਧਾਨੀਆਂ ਦੀ ਪਾਲਣਾ ਕੀਤੀ ਜਾਵੇ । ਲੋਕਾਂ ਨੂੰ ਵੈਕਸੀਨ ਲਗਵਾਉਣ ਦੀ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਨੇ ਕੋਵਿਡ ਵੈਕਸੀਨ ਦੀ ਦੂਜੀ ਜਾਂ ਅਹਿਤਿਆਤੀ ਖੁਰਾਕ ਨਹੀਂ ਲਗਵਾਈ, ਉਨ੍ਹਾਂ ਨੂੰ ਜਲਦ ਤੋਂ ਜਲਦ ਆਪਣੀ ਵੈਕਸੀਨ ਦੀ ਖੁਰਾਕ ਜ਼ਰੂਰ ਲਗਵਾਉਣੀ ਚਾਹੀਦੀ ਹੈ, ਜੋ ਕਿ ਸਰਕਾਰੀ ਹਸਪਤਾਲਾਂ ਵਿੱਚ ਬਿਲਕੁਲ ਮੁਫ਼ਤ ਲਗਾਈ ਜਾਂਦੀ ਹੈ।। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਹਸਪਤਾਲਾਂ ਵਿੱਚ ਕੋਵਿਡ ਨਾਲ ਨਜਿੱਠਣ ਲਈ ਵਿਵਸਥਾ ਦਾ ਜਾਇਜ਼ਾ ਲੈਂਦਿਆਂ ਇਨ੍ਹਾਂ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਕਰੋਨਾ ਤੋਂ ਘਬਰਾਉਣ ਦੀ ਨਹੀਂ ਸਗੋਂ ਨਵੀਂ ਲਹਿਰ ਦੇ ਫੈਲਾਅ ਨੂੰ ਰੋਕਣ ਲਈ ਪੂਰੀ ਤਰ੍ਹਾਂ ਚੌਕਸ ਰਹਿਣ ਦੀ ਲੋੜ ਹੈ। ਉਨ੍ਹਾਂ ਲੋਕਾਂ ਨੂੰ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਨਾਲ-ਨਾਲ ਕੋਵਿਡ-19 ਦੇ ਅਨੁਕੂਲ ਇਹਤਿਆਤੀ ਕਦਮਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ । ਇਸ ਦੌਰਾਨ ਸਿਵਲ ਸਰਜਨ ਡਾ. ਰਮਨ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਰੋਜ਼ਾਨਾ 800 ਤੋਂ ਵੱਧ ਕੋਵਿਡ ਟੈਸਟ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੈਂਪਲ ਲੈਣ ਲਈ 28 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 10 ਸ਼ਹਿਰੀ ਅਤੇ 18 ਪੇਂਡੂ ਖੇਤਰ ਵਿੱਚ ਤਾਇਨਾਤ ਹਨ। ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਪੋਜ਼ੇਟਿਵ ਪਾਇਆ ਜਾਂਦਾ ਹੈ ਤਾਂ ਉਸ ਦੇ ਸੰਪਰਕਾਂ ਨੂੰ ਟਰੈਕ ਕਰਨ ਲਈ 204 ਰੈਪਿਡ ਰਿਸਪਾਂਸ ਟੀਮਾਂ ਤਿਆਰ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ 1515 ਐਲ-2 ਅਤੇ 506 ਐਲ-3 ਬੈੱਡਾਂ ਅਤੇ 211 ਵੈਂਟੀਲੇਟਰਾਂ ਦੀ ਵਿਵਸਥਾ ਹੈ ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ ਨੇ ਕੋਵਿਡ ਟੀਕਾਕਰਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ 18 ਸਾਲ ਤੋਂ ਵੱਧ ਉਮਰ ਦੇ 98.7 ਫੀਸਦੀ ਲਾਭਪਾਤਰੀਆਂ ਨੂੰ ਪਹਿਲੀ ਅਤੇ 96 ਫੀਸਦੀ ਲਾਭਪਾਤਰੀਆਂ ਨੂੰ ਕੋਵਿਡ ਵੈਕਸੀਨ ਦੀ ਦੂਜੀ ਖੁਰਾਕ ਲਗਾਈ ਜਾ ਚੁੱਕੀ ਹੈ। ਇਸੇ ਤਰ੍ਹਾਂ 15 ਤੋਂ 17 ਸਾਲ ਉਮਰ ਵਰਗ ਦੇ 96.4 ਲਾਭਪਾਤਰੀ ਪਹਿਲੀ ਅਤੇ 87.2 ਫੀਸਦੀ ਲਾਭਪਾਤਰੀ ਦੂਜੀ ਖੁਰਾਕ ਲਗਵਾ ਚੁੱਕੇ ਹਨ। ਜਦਕਿ12-14 ਸਾਲ ਉਮਰ ਵਰਗ ਦੇ 103.4 ਫੀਸਦੀ ਲਾਭਪਾਤਰੀਆਂ ਵੱਲੋਂ ਪਹਿਲੀ ਅਤੇ 89.8 ਫੀਸਦੀ ਲਾਭਪਾਤਰੀਆਂ ਵੱਲੋਂ ਦੂਜੀ ਖੁਰਾਕ ਲਗਵਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ 208377 ਅਹਿਤਿਆਤੀ ਖੁਰਾਕਾਂ ਲਗਾਈਆਂ ਗਈਆਂ ਹਨ । ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਆਮ ਆਦਮੀ ਕਲੀਨਿਕਾਂ ਦੇ ਚੱਲ ਰਹੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ । ਇਸ ਮੌਕੇ ਐਸ.ਡੀ.ਐਮਜ਼ ਜੈ ਇੰਦਰ ਸਿੰਘ, ਬਲਬੀਰ ਰਾਜ ਸਿੰਘ, ਰਣਦੀਪ ਸਿੰਘ ਹੀਰ ਅਤੇ ਅਮਨਪਾਲ ਸਿੰਘ, ਮੈਡੀਕਲ ਸੁਪਰਡੈਂਟ ਡਾ. ਰਾਜੀਵ ਸ਼ਰਮਾ, ਸਹਾਇਕ ਸਿਵਲ ਸਰਜਨ ਡਾ. ਵਰਿੰਦਰ ਕੌਰ ਬਿੰਦ ਆਦਿ ਮੌਜੂਦ ਸਨ ।

ਨਵੋਦਿਆ ਵਿਦਿਆਲਿਆ ਸੰਧੂਆਂ ਵਿਖੇ ਵੀਰ ਬਾਲ ਦਿਵਸ ਮਨਾਇਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਭਾਰਤ ਸਰਕਾਰ ਵੱਲੋਂ ਵੀਰ ਬਾਲ ਦਿਵਸ ਮਨਾਉਣ ਸੰਬੰਧੀ ਜਾਰੀ ਕੀਤੇ ਆਦੇਸ਼ ਅਨੁਸਾਰ ਨਵੋਦਿਆ ਵਿਦਿਆਲਿਆ ਸੰਧੂਆਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਮਹਾਨ ਵੀਰ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ ਵੀਰ ਬਾਲ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ । ਇਸ ਮੌਕੇ ਦਸਵੀਂ ਜਮਾਤ ਦੀਆਂ ਵਿਦਿਆਰਥਣਾਂ ਅਤੇ ਸੰਗੀਤ ਅਧਿਆਪਕ ਰਵਿੰਦਰ ਸਿੰਘ ਵੱਲੋਂ ਭਾਵਪੂਰਕ ਕਵਿਤਾ (ਵਾਟਾਂ ਲੰਮੀਆਂ ਤੇ ਰਸਤਾ ਪਹਾੜ ਦਾ, ਤੁਰੇ ਜਾਂਦੇ ਗੁਰਾਂ ਦੇ ਲਾਲ ਜੀ) ਦਾ ਗਾਇਨ ਗਿਆ ਅਤੇ ਪੰਜਾਬੀ ਅਧਿਆਪਕ ਜਸਕਰਨ ਸਿੰਘ ਨੇ ਸਾਹਿਬਜ਼ਾਦਿਆਂ ਦੀ ਜੀਵਨੀ ਇਤਿਹਾਸ ਤੇ ਸ਼ਹਾਦਤਾਂ ਬਾਰੇ ਜਾਣਕਾਰੀ ਦਿੱਤੀ ਗਈ। ਪ੍ਰਿੰਸੀਪਲ ਰਤਨਪਾਲ ਗੁਪਤਾ ਨੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਬਹਾਦਰੀ ਨਿਡਰਤਾ ਤੇ ਧਰਮ ਪ੍ਰਤੀ ਦ੍ਰਿੜ੍ਹਤਾ ਅਤੇ ਦੇਸ਼ਭਗਤੀ ਦੇ ਜ਼ਜਬੇ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਸੀਨੀਅਰ ਅਧਿਆਪਕ ਸੋਨੂੰ ਸ਼ਰਮਾ ਅਤੇ ਸਮੂਹ ਸਟਾਫ ਹਾਜਰ ਸੀ। 3 ਕੁਲਵਿੰਦਰ ਕਾਲਾ

ਆਦਿੱਤਿਆ ਬਖਸ਼ੀ ਬਣਿਆ ਦੇਸ਼ ਦਾ ਸਭ ਤੋਂ ਨੌਜਵਾਨ ਨੈਸ਼ਨਲ ਕਰਾਟੇ ਰੈਫਰੀ

ਹੁਸ਼ਿਆਰਪੁਰ, (ਓ ਪੀ ਰਾਣਾ)-ਜਗਮੋਹਨ ਇੰਸਟੀਚਿਊਟ ਆਫ ਟ੍ਰੈਡੀਸਨਲ ਕਰਾਟੇ ਦੇ ਅੰਤਰਰਾਸ਼ਟਰੀ ਕਰਾਟੇ ਖਿਡਾਰੀ ਅਤੇ ਏਸ਼ੀਅਨ ਓਪਨ ਚੈਂਪੀਅਨਸ਼ਿਪ ਵਿੱਚ ਸੋਨ ਤਗਮਾ ਜੇਤੂ ਅਦਿੱਤਿਆ ਬਖਸ਼ੀ ਨੇ ਕਰਾਟੇ ਇੰਡੀਆ ਆਰਗੇਨਾਈਜੇਸ਼ਨ ਦੀ ਸਰਪ੍ਰਸਤੀ ਹੇਠ ਦਿੱਲੀ ਵਿੱਚ ਨੈਸ਼ਨਲ ਰੈਫਰੀ ਟੈਸਟ ਪਾਸ ਕਰਕੇ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਪੰਜਾਬ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਗਮੋਹਨ ਇੰਸਟੀਚਿਊਟ ਆਫ ਟ੍ਰੈਡੀਸ਼ਨਲ ਕਰਾਟੇ ਦੀ ਵਾਈਸ ਚੇਅਰਪਰਸਨ ਨੀਤੀ ਵਿੱਜ ਨੇ ਦੱਸਿਆ ਕਿ ਅਦਿੱਤਿਆ ਬਖਸ਼ੀ ਨੇ ਆਪਣੇ ਕਰਾਟੇ ਗੁਰੂ ਅੰਤਰਰਾਸ਼ਟਰੀ ਰੈਫਰੀ ਅਤੇ ਵਰਲਡ ਕਰਾਟੇ ਫੈਡਰੇਸ਼ਨ ਦੇ ਸਰਟੀਫਾਈਡ ਜੱਜ ਏ ਸੈਂਸਈ ਜਗਮੋਹਨ ਵਿੱਜ ਦੀ ਉੱਚ ਪੱਧਰੀ ਟ੍ਰੇਨਿੰਗ ਅਤੇ ਕੁਸ਼ਲ ਮਾਰਗ ਦਰਸ਼ਨ ਦੇ ਸਦਕਾ ਇਹ ਸਫਲਤਾ ਹਾਸਲ ਕੀਤੀ ਹੈ। ਉਹ ਇਹ ਪ੍ਰੀਖਿਆ ਪਾਸ ਕਰਨ ਵਾਲਾ ਭਾਰਤ ਦਾ ਸਭ ਤੋਂ ਘੱਟ ਉਮਰ ਦਾ ਰੈਫਰੀ ਬਣਿਆ ਹੈ। ਪੰਜਾਬ ਯੂਨੀਵਰਸਿਟੀ ਦੇ ਸਵਾਮੀ ਸਰਵਾਨੰਦ ਗਿਰੀ ਖੇਤਰੀ ਕੇਂਦਰ ਵਿੱਚ ਬੀ.ਏ.ਐਲ.ਐੱਲ.ਬੀ. ਦੇ ਪਹਿਲੇ ਸਾਲ ਦੇ ਵਿਦਿਆਰਥੀ ਆਦਿੱਤਿਆ ਨੇ ਮਹਿਜ 19 ਸਾਲ ਦੀ ਉਮਰ ਵਿੱਚ ਇਹ ਇਮਤਿਹਾਨ ਪਾਸ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਸ ਇਮਤਿਹਾਨ ਨੂੰ ਪਾਸ ਕਰਨ ਤੋਂ ਬਾਅਦ ਉਸ ਨੂੰ ਵਿਸ਼ਵ ਕਰਾਟੇ ਫੈਡਰੇਸਨ ਦੇ ਕਾਤਾ ਅਤੇ ਕੁਮੀਤੇ ਜੱਜ ਅਤੇ ਨੈਸ਼ਨਲ ਰੈਫਰੀ ਕਮਿਸ਼ਨ ਦੇ ਮੈਂਬਰ ਸਿਹਾਨ ਅਨੂਪ ਡੋਬੇ ਅਤੇ ਡਬਲਯੂ.ਕੇ.ਐਫ ਜੱਜ ਵਿਜੇ ਦੀ ਦੇਖ-ਰੇਖ ਹੇਠ ਆਲ ਇੰਡੀਆ ਕਰਾਟੇ ਚੈਂਪੀਅਨਸ਼ਿਪ ਦੌਰਾਨ ਸਕੋਰਰ, ਟਾਈਮ ਕੀਪਰ, ਜੱਜ ਅਤੇ ਰੈਫਰੀ ਦੇ ਨਾਲ-ਨਾਲ ਮੈਚ ਸੁਪਰਵਾਈਜਰ ਵਜੋਂ ਡਿਊਟੀਆਂ ਨਿਭਾਉਣ ਦਾ ਮੌਕਾ ਮਿਲਿਆ। ਆਦਿੱਤਿਆ ਦੇ ਇਸ ਵੱਕਾਰੀ ਪ੍ਰੀਖਿਆ ਨੂੰ ਪਾਸ ਕਰਨ'ਤੇ ਰਾਸ਼ਟਰਮੰਡਲ ਕਰਾਟੇ ਫੈਡਰੇਸ਼ਨ ਦੇ ਉਪ ਪ੍ਰਧਾਨ ਅਤੇ ਕਰਾਟੇ ਇੰਡੀਆ ਆਰਗੇਨਾਈਜੇਸ਼ਨ ਦੇ ਮੈਂਟਰ ਹਾਂਸੀ ਭਰਤ ਸ਼ਰਮਾ, ਜਨਰਲ ਸਕੱਤਰ ਸੰਜੀਵ ਜਾਂਗੜਾ ਅਤੇ ਚੇਅਰਮੈ